# ਤਰਤੀਬ


- ਮੰਚ 8
- ਜਬੈ ਬਾਣ ਲਾਗਿਯੋ 29
- ਜੈਸਾ ਬੀਜੈ ਸੋ ਲੁਣੇ 51
- ਮਿੱਟੀ ਅਤੇ ਆਜ਼ਾਦੀ 73
- ਟਿੱਪਣੀਆਂ 91






## ਕੁੱਝ ਸਿਧ-ਪੱਧਰੇ ਸ਼ਬਦ

ਅੱਜ ਦਾ ਯੁੱਗ ਇਲੈਕਟਰਾਨਿਕ ਯੁੱਗ ਹੈ। ਅਜੋਕੀ ਸੰਚਾਰ ਪ੍ਰਣਾਲੀ ਦੇ ਟਾਕਰੇ ਵਿੱਚ ਨਾਟਕ ਵਰਗੀ ਵਿਧਾ ਨੂੰ ਜੀਉਂਦੇ ਰੱਖਣਾ ਵਾਕਈ ਇੱਕ ਚੁਣੌਤੀ ਭਰਪੂਰ ਕਦਮ ਹੈ। ਭਾਵੇਂ ਅਜੋਕੇ ਸੰਚਾਰ ਪ੍ਰਬੰਧ ਵਿੱਚ ਬਹੁਤਕਨੀਕੀ ਵਿਧੀਆਂ ਨਾਲ ਦਰਸ਼ਕਾਂ ਕੋਲ ਤਿਆਰ ਕੀਤਾ ਪ੍ਰੋਗਰਾਮ ਮਿਲਦਾ ਹੈ, ਫਿਰ ਵੀ ਪੰਜਾਬੀ ਰੰਗਮੰਚ ਆਪਣੀ ਵੱਖਰੀ ਪਹਿਚਾਣ ਬਣਾਈ ਰਖਣ ਵਿੱਚ ਸਫਲ ਹੈ।

ਪਰਦੇ ਦੇ ਇੱਕ ਸੀਰੀਅਲ/ਨਾਟਕ ਤੇ ਕਈ ਕਈ ਹਫਤੇ ਲੱਗ ਜਾਂਦੇ ਹਨ, ਇੰਜ ਦਰਸ਼ਕਾਂ ਲਈ ਲੜੀ ਟੁੱਟਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜਨਤਕ ਨਾਟਕ ਜ਼ਿਆਦਾ ਤਰ ਲੋਕ ਪੱਖੀ ਹੁੰਦੇ ਹਨ ਇਹਨਾਂ ਵਿੱਚ ਲੋਕ ਮਸਲਿਆਂ ਜਾਂ ਲੋਕ ਸਮਸਿਆਵਾਂ ਨੂੰ ਦਰਸ਼ਕਾਂ ਮੂਹਰੇ ਰੱਖਿਆ ਜਾਂਦਾ ਹੈ, ਦਰਸ਼ਕਾਂ ਦਾ ਹੁੰਗਾਰਾ ਵੀ ਨਾਲੋ ਨਾਲ ਮਿਲ ਜਾਂਦਾ ਹੈ। ਪਾਤਰਾਂ ਦੀ ਸੁਭਾਵਿਕ ਅਦਾਕਾਰੀ ਦਰਸ਼ਕਾਂ ਨਾਲ ਸਾਂਝ ਸਥਾਪਿਤ ਕਰ ਲੈਂਦੀ ਹੈ। ਟੈਲੀਵੀਜ਼ਨ ਦੇ ਚੈਨਲਾਂ ਨੇ ਨਾਟਕ ਨੂੰ ਥੋੜਾ ਢਾਹ ਜ਼ਰੂਰ ਲਾਈ ਹੈ, ਫਿਰ ਵੀ ਜਨਤਕ ਨਾਟਕ ਆਪਣੀ ਤੋਰੇ ਤੁਰਿਆ ਜਾ ਰਿਹਾ ਹੈ।

ਭਾਵੇਂ ਵਿਸ਼ਵੀਕਰਨ ਕਰਕੇ ਵੱਖ-2 ਸਭਿਆਚਾਰਾਂ ਦਾ ਰਲੇਂਵਾ ਹੋ ਰਿਹਾ ਹੈ ਪਰ ਇਹਨਾਂ ਦੇ ਰਲੇਵੇਂ ਕਾਰਨ ਹਰੇਕ ਸਭਿਆਚਾਰ ਇੱਕੋ ਤਰ੍ਹਾਂ ਪ੍ਰਭਾਵਿਤ ਨਹੀ ਹੋ ਰਿਹਾ। ਪੰਜਾਬ ਦਾ ਸਭਿਆਚਾਰ ਮੁੱਖ ਤੌਰ ਤੇ ਮੌਜੂਦਾ ਸ਼ੋਰ ਵਾਲੀ ਊਟ ਪਟਾਂਗ ਗਾਇਕੀ ਕਾਰਨ ਪ੍ਰਦੂਸ਼ਤ ਹੋ ਰਿਹਾ ਹੈ। ਆਪਣੇ ਗੌਰਵਮਈ ਸਭਿਆਚਾਰ ਨੂੰ ਬਚਾਉਣ ਵਾਸਤੇ ਪੰਜਾਬ ਵਿੱਚ ਨਾਟਕ ਮੰਡਲੀਆਂ ਲੋਕ-ਪੱਖੀ ਨਾਟਕ ਮੰਚਣ ਕਰ ਰਹੀਆਂ ਹਨ, ਅਜਿਹੇ ਯਤਨ ਦੀ ਸ਼ਲਾਘਾ ਕਰਨੀ ਬਣਦੀ ਹੈ। ਅਵਾਮ ਕਲਾ ਮੰਚ ਬੇਗੋਵਾਲ ਜ਼ਰੀਏ ਮੈ ਵੀ ਇਸੇ ਦਿਸ਼ਾ ਵਿੱਚ ਬਣਦਾ ਹਿੱਸਾ ਪਾ ਰਿਹਾ ਹਾਂ।

ਮੈਂ ਰਿਣੀ ਹਾਂ ਪ੍ਰਮੁੱਖ ਨਾਟਕਕਾਰ ਅਜਮੇਰ ਸਿੰਘ ਔਲੱਖ ਦਾ, ਜੋ ਹਮੇਸ਼ਾਂ ਮੇਰੇ ਪ੍ਰੇਰਣਾ ਸਰੋਤ ਰਹੇ। ਇਸ ਤੋਂ ਇਲਾਵਾ ਮੈਂ ਪ੍ਰੋ: ਅਵਤਾਰ ਜੌੜਾ, ਡਾ: ਹਰਬੰਸ ਸਿੰਘ, ਡਾ: ਜਸਵੰਤ ਬੇਗੋਵਾਲ, ਹਰਭਜਨ ਸਿੰਘ ਬਟਾਲਵੀ, ਪ੍ਰੋ: ਮਨੋਹਰ ਲਾਲ ਰਾਜਪੂਤ, ਸੁਰਿੰਦਰ ਮਕਸੂਦਪੁਰੀ, ਰੰਗਕਰਮੀਆਂ ਵਿਦਿਆ ਸਾਗਰ ਅਤੇ ਹਰਮਹਿੰਦਰ ਸਿੰਘ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਇਸ ਪੁਸਤਕ ਨੂੰ ਪੜਣ ਉਪਰੰਤ ਵਡਮੁੱਲੇ ਵਿਚਾਰ ਲਿਖੇ। ਮੈਂ ਧੰਨਵਾਦੀ ਹਾਂ ਮਨਜੀਤ ਧਾਲੀਵਾਲ, ਸੱਤਨਾਮ ਧਾਲੀਵਾਲ, ਹਰਜਿੰਦਰ ਢਿਲਵਾਂ, ਕੁਲਜੀਤ ਘੋਤੜਾ, ਦਲਬੀਰ ਸਿੰਘ, ਰਵਿੰਦਰ ਸਿੰਘ ਅਤੇ ਜਤਿੰਦਰ ਪਟਵਾਰੀ ਦਾ ਜਿਹਨਾਂ ਮੇਰੇ ਨਾਟਕਾਂ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ ਅਤੇ ਗਾਇਕ ਸੁਰਜੀਤ ਸਨਮ ਤੇ ਸ਼ਿੰਦਾ ਸੁਰਿੰਦਰ ਦਾ, ਜਿਹਨਾਂ ਨੇ ਮੰਚ ਦੀ ਪਿੱਠ ਤੋਂ ਗਾਇਣ ਕਰਕੇ ਮੰਚਣ ਨੂੰ ਸ਼ਕਤੀ ਬਖਸ਼ੀ।


ਸਤਵਿੰਦਰ ਸਿੰਘ ਬੇਗੋਵਾਲੀਆ
ਬੇਗੋਵਾਲ (ਕਪੂਰਥਲਾ)
ਫੋਨ : 01882-48706

# ਮੰਚ

# ਪਾਤਰ

ਮਹਾਤਮਾ

ਚੇਲਾ

ਅੱਜ ਦਾ ਮਹਾਤਮਾ

ਦੂਜਾ ਮਹਾਤਮਾ

ਕਲਾਕਾਰ

ਵਿਦਵਾਨ

ਲੇਖਕ

ਇੱਕ

ਦੋ

ਕੁੱਝ ਗਾਇਕ

# ਮੰਚ

(ਤਿੰਨ ਸਟੇਜਾਂ ਹਨ। ਵਿਚਕਾਰਲੀ ਸਟੇਜ ਮਹਾਤਮਾ ਲਈ ਹੈ ਜਦ ਕਿ ਸਟੇਜ ਨੂੰ: 2 ਜੋ ਵਿਚਕਾਰਲੀ ਸਟੇਜ ਦੇ ਖੱਬੇ ਪਾਸੇ ਹੈ, ਅੱਜ ਦੇ ਮਹਾਤਮਾ ਲਈ ਹੈ ਜਦ ਕਿ ਵਿਚਕਾਰਲੀ ਸਟੇਜ ਦੇ ਸੱਜੇ ਪਾਸੇ ਸਟੇਜ ਨੂੰ:3 ਗਾਇਕਾਂ ਲਈ ਹੈ। ਵਿਚਕਾਰਲੀ ਸਟੇਜ ਤੇ ਰੋਸ਼ਨੀ ਪੈਂਦੀ ਹੈ। ਸੰਗੀਤ ਦੀਆਂ ਉਦਾਸ ਧੁੰਨਾਂ ਸੁਣਾਈ ਦਿੰਦੀਆਂ ਹਨ।

ਗੀਤ ਦੀ ਆਵਾਜ਼: ਉਦਾਸ ਮੇਰਾ ਗੀਤ ਹੈ,
ਉਦਾਸ ਹੀ ਸੰਗੀਤ ਹੈ,
ਉਦਾਸ ਮੇਰੀ ਸ਼ਾਮ ਹੈ,
ਉਦਾਸ ਮੇਰੀ ਅਵਾਜ਼ ਹੈ।
ਉਦਾਸ ਮੇਰਾ ਗੀਤ ਹੈ......

ਮਹਾਤਮਾ: (ਉਦਾਸ ਅਵਾਜ਼ ਸੁਣ ਕੇ ਹੈਰਾਨੀ ਵਿਚ) ਹੈਂ? ਇਹ ਅਵਾਜ਼ ਕਿਧਰੋਂ ਆ ਰਹੀ ਏ ਤੇ ਇਹ ਅਵਾਜ਼ ਇੰਨੀ ਉਦਾਸ ਕਿਉਂ ਏ?

ਚੇਲਾ: ਲਗਦੈ ਇਹ ਅਵਾਜ਼ ਇੱਕ ਹਉਕਾ ਏ, ਇਕ ਪੁਕਾਰ ਜਿਹੀ ਏ ਇਹਨਾਂ ਵਿਚ, ਕਿਸੇ ਸਹਾਰੇ ਦੀ ਲੋੜ ਮਹਿਸੂਸ ਕਰਦੀ ਏ ਇਹ ਵਾਜ।



ਮਹਾਤਮਾ: ਮੈਨੂੰ ਯਾਦ ਏ ਜਦ ਮੈਂ ਜ਼ਾਲਮ ਹਾਕਮ ਦੇ ਜਬਰ ਦਾ ਜਵਾਬ ਦੇਣ ਆਪਣਾ ਬਲੀਦਾਨ ਦੇਣ ਜਾ ਰਿਹਾ ਸੀ, ਰਸਤੇ ਵਿਚ ਇਹੋ ਜਿਹੀਆਂ ਆਵਾਜ਼ਾਂ ਮੈਨੂੰ ਥਾਂ-ਥਾਂ ਤੇ ਸੁਣਨ ਨੂੰ ਮਿਲੀਆਂ ਸਨ। ਲੋਕ ਮੈਨੂੰ ਕਹਿੰਦੇ ਰਹੇ- 'ਮਹਾਤਮਾ ਜੀ, ਸਾਨੂੰ ਛੱਡ ਕੇ ਨਾ ਜਾਓ। ਤੁਸੀਂ ਹਾਕਮ ਦੀ ਸ਼ਰਤ ਮੰਨ ਲਉ।'

ਚੇਲਾ: ਮੈਨੂੰ ਸਭ ਯਾਦ ਏ ਲੋਕ ਤੁਹਾਨੂੰ ਰੋਕਦੇ ਰਹੇ, ਹੰਝੂ ਵਹਾਉਂਦੇ ਰਹੇ.....

ਮਹਾਤਮਾ: ਇਹਨਾਂ ਲੋਕਾਂ ਦੀ ਹੋਂਦ ਬਚਾਉਣ ਲਈ ਕੁਰਬਾਨੀ ਕਰਨੀ ਹੀ ਪੈਣੀ ਸੀ, ਮੈਂ ਸਿਧਾਂਤਾਂ ਨਾਲ ਕਦੇ ਸਮਝੌਤਾ ਨਹੀਂ ਕੀਤਾ।

ਚੇਲਾ: ਸਮੁੱਚੀ ਮਾਨਵਤਾ ਦਾ ਦਰਦ ਤੁਹਾਡੇ ਤੋਂ ਵੇਖਿਆ ਨਾ ਗਿਆ। ਤੁਸੀਂ ਸਾਰੇ ਜਹਾਨ ਦਾ ਦਰਦ ਸਮੇਟ ਕੇ ਹਾਕਮ ਨਾਲ ਜਾ ਮੱਥਾ ਲਾਇਆ। ਹਾਕਮ ਨੂੰ ਖਰੀਆਂ ਖਰੀਆਂ ਸੁਣਾਈਆਂ। ਆਪ ਨੇ ਆਪਾ ਕੁਰਬਾਨ ਕਰ ਦਿੱਤਾ ਤਾਂ ਜ਼ੋਰਦਾਰ ਤੂਫਾਨ ਆ ਗਿਆ ਤੇ ਆਪਣੇ ਨਾਲ ਸਾਰੀ ਧੁੰਦ ਉਡਾ ਕੇ ਲੈ ਗਿਆ। ਅਸਮਾਨ ਸਾਫ ਹੋ ਗਿਆ। ਹਨੇਰੇ ਦੀ ਮੁਦੱਤ ਖਤਮ ਹੋ ਗਈ। ਸੱਚ ਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਧਰਤੀ ਉਪਰ ਪਈਆਂ।
(ਧੁੰਨਾਂ ਹੋਰ ਉਦਾਸ ਹੋ ਜਾਂਦੀਆਂ ਹਨ)

ਮਹਾਤਮਾ: ਸੰਗੀਤ ਹੋਰ ਉਦਾਸ ਹੋ ਗਿਐ। ਹੈਰਾਨੀ ਦੀ ਗੱਲ ਏ ਮੈਂ ਵੇਖ ਰਿਹਾਂ ਚਾਰੇ ਪਾਸੇ ਹਨੇਰਾ ਆਪਣੇ ਪੈਰ ਕਿਉਂ ਪਸਾਰ ਰਿਹੈ। ਚਾਨਣ ਦੀ ਤਾਂ ਕੋਈ ਟਾਂਵੀ ਟਾਂਵੀ ਕਿਰਨ ਵਿਖਾਈ ਦੇ ਰਹੀ ਏ। ਇਹ ਹਵਾ.......ਉਫ.......ਇਹ ਕਿਸ ਤਰਾਂ ਦੀ ਹਵਾ ਏ......... ਮੇਰਾ ਦਮ ਘੁੱਟ ਰਿਹੈ ਇਸ ਹਵਾ ਵਿਚ.....ਲੋਕ ਸਾਹ ਕਿਸ ਤਰ੍ਹਾਂ ਲੈਂਦੇ ਨੇ।

ਚੇਲਾ: ਤੁਹਾਡਾ ਦਮ ਇਸੇ ਕਰਕੇ ਘੁੱਟ ਰਿਹੈ ਕਿ ਤੁਸੀਂ ਇਕ ਮੁੱਦਤ ਬਾਅਦ ਇਥੇ ਆਏ ਹੋ। ਹੌਲੀ-ਹੌਲੀ ਤੁਸੀਂ ਆਦੀ ਹੋ ਜਾਵੋਗੇ।

ਮਹਾਤਮਾ: ਪਰ ਇੰਨੀ ਦੁਰਗੰਧ ਕਿਉਂ? ਉਹ ਮਿੱਠੀ ਮਿੱਠੀ ਰੁਮਕਦੀ ਹੋਈ ਹਵਾ ਜਿਹਦੇ ਵਿਚ ਤਨ ਮਨ ਸੁਗੰਧਿਤ ਹੋ ਜਾਂਦੇ ਸੀ, ਕਿਧਰ ਚਲੀ ਗਈ ਏ?

ਚੇਲਾ: ਉਸ ਤਾਜ਼ਾ ਤੇ ਮਿੱਠੀ ਮਿੱਠੀ ਸੁਗੰਧਿਤ ਹਵਾ ਦੀ ਇਹਨਾਂ ਲੋਕਾਂ ਨੂੰ ਲੋੜ ਨਹੀਂ, ਆਪਣੀ ਬੇਕਦਰੀ ਹੁੰਦੀ ਵੇਖ ਕੇ ਉਹ ਮਿੱਠੀ ਮਿੱਠੀ ਹਵਾ ਕਿਨਾਰਾ ਕਰ ਗਈ। ਇਹ ਲੋਕ ਪਰਦੂਸ਼ਤ ਹਵਾ ਵਿਚ ਈ ਸਾਹ ਲੈ ਸਕਦੇ ਨੇ, ਗੀਤ ਗਾ ਸਕਦੇ ਨੇ, ਨੱਚ ਸਕਦੇ ਨੇ ਤੇ ਵਿਚਾਰ ਵਟਾਂਦਰਾ ਕਰ ਸਕਦੇ ਨੇ।

ਮਹਾਤਮਾ: ਪਰਦੂਸ਼ਤ ਹਵਾ.....ਇਹ ਕੀ.......?

ਚੇਲਾ: ਹਾਂ ਮਹਾਤਮਾ ਜੀ, ਜਿਨਾਂ ਚਿਰ ਹਵਾ ਪਰਦੂਸ਼ਤ ਰਹੇਗੀ,

ਉਨਾਂ ਚਿਰ ਲੋਕ ਹਨੇਰੇ ਵਿਚ ਟੱਕਰਾਂ ਮਾਰਦੇ ਰਹਿਣਗੇ ਤੇ ਉੱਲੂ ਬਣੇ ਰਹਿਣਗੇ ਉਹ ਲੋਕ ਪਰਦੇ ਪਿੱਛੋਂ ਆਪਣੇ ਹਿਸਾਬ ਨਾਲ ਡੋਰੀ ਖਿਚਣਗੇ ਤੇ ਆਹ ਲੋਕ ਮਾਂਦਰੀ ਨਾਚ ਨੱਚਣਾ ਸ਼ੁਰੂ ਕਰ ਦੇਣਗੇ।

ਮਹਾਤਮਾ: ਡੋਰੀ ਖਿਚਣ ਵਾਲੇ ਲੋਕ ਕੌਣ ਨੇ?

ਚੇਲਾ: ਉਹੀ ਤੁਹਾਡੇ ਆਪਣੇ ਲੋਕ!

ਮਹਾਤਮਾ: ਮੇਰੇ ਲੋਕ?

ਚੇਲਾ: ਜੀ ਹਾਂ, ਉਹ ਲੋਕ ਤੁਹਾਡੇ ਵਲੋਂ ਸਥਾਪਿਤ ਕੀਤੇ ਮੰਚ ਦੀ ਵਾਗਡੋਰ ਸੰਭਾਲ ਕੇ ਬੈਠੇ ਨੇ। ਔਹ ਮੰਚ ਜਿਸ ਉਪਰ ਤੁਸੀਂ ਸੁਸ਼ੋਭਿਤ ਹੋ ਕੇ ਲੋਕਾਂ ਨੂੰ ਸੰਬੋਧਨ ਕਰਦੇ ਸੀ। (ਇੱਕ ਪਲ ਲਈ ਰੋਸ਼ਨੀ ਸਟੇਜ ਨੰਬਰ ਦੋ ਤੇ ਪੈਂਦੀ ਹੈ) ਉਸ ਉਪਰ ਜਿਹੜਾ ਮਹਾਂਪੁਰਸ਼ ਹੁਣ ਬਿਰਾਜਮਾਨ ਹੁੰਦੈ ਲੋਕ ਉਹਨੂੰ ਮਹਾਤਮਾ ਕਹਿੰਦੇ ਨੇ।

ਮਹਾਤਮਾ: ਉਹ ਮਹਾਤਮਾ ਕਿਸ ਤਰ੍ਹਾਂ ਹੋ ਸਕਦੈ? ਨਾ ਨਾ, ਉਹ ਮਹਾਤਮਾ ਨਹੀਂ ਹੋ ਸਕਦਾ।

ਚੇਲਾ: ਲੋਕ ਉਹਨੂੰ ਮਹਾਤਮਾ ਈ ਕਹਿੰਦੇ ਨੇ। ਉਸ ਮੰਚ ਉਪਰ ਰੂੜੀਆਂ ਤੇ ਲੇਟਣ ਵੇਲੇ ਕਿਸੇ ਖੋਤੇ ਦਾ ਹਾਰ ਸ਼ਿੰਗਾਰ ਕਰਕੇ ਬਿਠਾ ਦਿੱਤਾ ਜਾਵੇ ਤਾਂ ਉਹ ਲੋਕਾਂ ਦਾ ਮਹਾਤਮਾ ਹੀ ਹੋਵੇਗਾ।

ਮਹਾਤਮਾ: ਮੇਰਾ ਮੰਚ ਤਾਂ ਮਾਨਵਤਾ ਦੀ ਭਲਾਈ ਵਾਲਾ ਮੰਚ ਸੀ। ਉਸ ਮੰਚ ਤੋਂ ਜਿਹੜੀ ਦਵਾਈ ਪਿਆਈ ਜਾਂਦੀ ਸੀ, ਉਹ ਦਵਾਈ ਦੀ ਮਹਿਕ ਨਾਲ ਫੁੱਲ ਟਹਿਕਣ ਲੱਗ ਪੈਂਦੇ ਸੀ। ਉਹ ਦਵਾਈ ਲੋਕਾਂ ਵਿਚ ਚੇਤਨਾ ਦਾ ਪਸਾਰਾ ਕਰਦਾ ਸੀ। ਅਸਲੀਅਤ ਤੇ ਭੁਲੇਖੇ ਦਾ ਨਿਖੇੜਾ ਕਰਦੀ ਸੀ। ਇੰਜ ਉਹ ਦਵਾਈ ਰੂੜੀਵਾਦੀ ਸੋਚ ਨੂੰ ਨਕਾਰਦੀ ਸੀ।

ਚੇਲਾ: ਚਿੰਤਾ ਵਾਲੀ ਗੱਲ ਤਾਂ ਇਹ ਈ ਏ ਕਿ ਜਦ ਕੋਈ ਨਵੀਂ ਸ਼ੁਧ ਦਵਾਈ ਨਿਕਲਦੀ ਏ ਤਾਂ ਰੋਗ ਦਾ ਇਲਾਜ ਹੋਣਾ ਸ਼ੁਰੂ ਹੋ ਜਾਂਦੈ। ਪਰ ਉਸੇ ਵਕਤ ਸ਼ੈਤਾਨ ਦੀ ਅੱਖ ਅਪਣਾ ਡੰਗ ਮਾਰਦੀ ਏ ਤੇ ਉਹ ਲੋਕ ਨਕਲੀ ਦਵਾਈ ਤਿਆਰ ਕਰ ਲੈਂਦੇ ਨੇ। ਉਸ ਦਵਾਈ ਦਾ ਲੇਬਲ ਅਸਲੀ ਦਵਾਈ ਦੇ ਲੇਬਲ ਵਾਲਾ ਹੁੰਦੈ। ਬੋਤਲ ਵੀ ਉਸੇ ਤਰ੍ਹਾਂ ਦੀ, ਰੰਗ ਵੀ ਉਹੀ। ਪਰ ਉਸ ਦਾ ਅਸਰ ਇਕ ਦਮ ਵੱਖਰਾ.....

(ਚੇਲਾ ਉਦਾਸ ਹੋ ਜਾਂਦਾ ਹੈ)

ਮਹਾਤਮਾ: ਉਸ ਦਵਾਈ ਦਾ ਅਸਰ ਕਿਸ ਤਰ੍ਹਾਂ ਦਾ ਹੁੰਦੈ?

ਚੇਲਾ: ਜ਼ਹਿਰ....ਭਿਆਨਕ ਜ਼ਹਿਰ। ਲੇਬਲ....ਇਥੇ ਲੇਬਲ ਚਲਦੇ ਨੇ। ਵੱਖ-ਵੱਖ ਮੰਚਾਂ ਤੇ ਬੈਠੇ ਮਹਾਤਮਾ ਲੋਕ ਲੇਬਲ ਹੀ ਤਾਂ ਨੇ।



ਮਹਾਤਮਾ: ਮੈਂ ਤਾਂ ਆਪਣੇ ਮੰਚ ਉਪਰ ਆਪਣਾ ਕੋਈ ਵਾਰਸ ਚੁਣਿਆ ਹੀ ਨਹੀਂ ਸੀ। ਫਿਰ ਮੇਰੇ ਮੰਚ ਤੇ ਕੋਈ ਬੰਦਾ ਮਹਾਤਮਾ ਬਣ ਕੇ ਕਿਵੇਂ ਬਹਿ ਗਿਐ?

ਚੇਲਾ: ਆਪਣੇ ਡੁਰਲੀ ਜਥੇ ਦੀ ਮਦਦ ਨਾਲ। ਅੱਜਕਲ੍ਹ ਹਿੱਕ ਦੇ ਜ਼ੋਰ ਨਾਲ ਨਾਜ਼ਾਇਜ਼ ਕਬਜ਼ੇ ਹੁੰਦੇ ਨੇ। ਉਹ ਬੰਦਾ ਵੀ ਇਵੇਂ ਮਹਾਤਮਾ ਬਣਿਐ। ਜਿਹਦੀ ਲਾਠੀ ਉਹਦੀ ਮੱਝ। ਇਸ ਗੱਲ ਦੀ ਕੋਈ ਬਹੁਤੀ ਤੁੱਕ ਨਹੀਂ ਰਹੀ ਅਕਲ ਵੱਡੀ ਕਿ ਮੱਝ।

ਮਹਾਤਮਾ: ਮੈ ਤਾਂ ਲੋਕਾਂ ਲਈ ਸੀ, ਮੇਰਾ ਮੰਚ ਲੋਕਾਂ ਦਾ ਮੰਚ ਸੀ। ਮੈਂ ਸੰਜੀਵਨੀ ਬੂਟੀ ਤੋਂ ਦਵਾਈ ਤਿਆਰ ਕਰਕੇ ਵੰਡੀ ਸੀ ਪਰ ਫਿਰ ਵੀ ਲੋਕ ਮੈਨੂੰ ਭੁੱਲ ਗਏ.....

ਚੇਲਾ: ਮਹਾਤਮਾ ਜੀ, ਹੋਇਆ ਇੰਜ ਈ ਏ। ਉਹ ਵੇਖੋ।

(ਸਟੇਜ ਨੰ: 2 ਤੇ ਰੋਸ਼ਨੀ ਪੈਂਦੀ ਹੈ, ਲੋਕ ਮੂਰਤੀ ਪੂਜਾ ਕਰ ਰਹੇ ਹਨ, ਕੁਝ ਲੋਕਾਂ ਧੂਫਾਂ ਫੜੀਆਂ ਹੋਈਆ ਹਨ, ਕੁੱਝ ਲੋਕ ਮੂਰਤੀਆਂ ਅੱਗੇ ਹੱਥ ਜੋੜ ਕੇ ਖੜ੍ਹੇ ਹਨ, ਇੱਕ ਅਤੇ ਦੋ ਆਪਸ ਵਿਚ ਗਲਬਾਤ ਕਰ ਰਹੇ ਹਨ)

ਇੱਕ: ਕਮਾਲ ਕਰ ਤੀ ਪੇਂਟਰ ਰਾਜੂ ਨੇ। ਇਹੋ ਜਿਹੀ ਮੂਰਤੀ ਕੋਈ ਨਹੀਂ ਬਣਾ ਸਕਦਾ ਭਾਵੇਂ ਸੌ ਸਾਲ ਮੱਥਾ ਮਾਰਦਾ ਰਹੇ।

ਦੋ: ਇਹ ਤਾਂ ਬਿਲਕੁਲ ਜੀਂਦੀ ਜਾਪਦੀ ਏ, ਸਾਡੇ ਵੱਲ ਇਹ ਤੱਕਦੀ ਪਈ ਏ। ਰਾਜੂ ਪੇਂਟਰ ਨੇ ਬਹਿਜਾ ਬਹਿਜਾ ਕਰਾਤੀ।

ਇੱਕ: ਰਾਜੂ ਤੇ ਰੱਬ ਦੀ ਆਪਾਰ ਕਿਰਪਾ ਏ। ਜਿਹੜੀ ਚੀਜ਼ ਨੂੰ ਹੱਥ ਪਾਉਂਦੇ ਮੈਂ ਕਿਹੇ ਕੜਵੱਲ ਕੱਢ ਕੇ ਰੱਖ ਦੇਂਦਾ ਏ। ਪਿਛੇ ਜਿਹੇ ਭਰ ਜੋਬਨ ਮੁਟਿਆਰ ਦੀ ਉਹਨੇ ਤਸਵੀਰ ਬਣਾਈ, ਜਿਹੜਾ ਵੇਖੇ ਬਸ ਉਹ ਕੀਲਿਆ ਈ ਜਾਵੇ।

ਦੋ: ਰਾਜੂ ਆਪ ਤਾਂ ਜੋ ਹੈ ਵੇ ਪਤਾ ਈ ਏ ਸਾਰਿਆਂ ਨੂੰ। ਉਹਦੇ ਉਪਰ ਆਪਣੇ ਮਹਾਤਮਾ ਦਾ ਹੱਥ ਏ, ਨਹੀਂ ਤਾਂ ਰਾਜੂ ਕਾਣਾ ਕੀ ਕਰ ਸਕਦੈ?

ਇੱਕ: ਆਪਣੇ ਮਹਾਤਮਾ ਦੀ ਨਿਗਾਹ ਜਿਧਰ ਪੈ ਜਾਵੇ, ਕੱਖੋਂ ਲੱਖ ਕਰ ਦਿੰਦੀ ਏ। ਉਹਨਾਂ ਦੀ ਕਿਰਪਾ ਨਾਲ ਹੀ ਰਾਜੂ ਨੇ ਵੱਡੇ ਮਹਾਤਮਾ ਦੀ ਤਸਵੀਰ ਬਣਾਈ।

(ਰੋਸ਼ਨੀ ਵਿਚਕਾਰਲੀ ਸਟੇਜ ਤੇ ਪੈਂਦੀ ਹੈ)

ਚੇਲਾ: ਮਹਾਤਮਾ ਜੀ, ਉਹ ਵੇਖੋ ਲੋਕ ਤੁਹਾਡੀ ਤਸਵੀਰ ਨੂੰ ਧੂਫਾਂ ਦੇ ਰਹੇ ਨੇ, ਮੱਥੇ ਰਗੜ ਰਹੇ ਨੇ, ਨੱਕ ਰਗੜ ਰਗੜ ਘਸਾ ਲਈ ਏ ਫਿੰਨੇ ਨੇ।

ਮਹਾਤਮਾ: ਇਹ ਸਭ ਮੇਰੀ ਵਿਚਾਰਧਾਰਾ ਦੇ ਉਲਟ ਹੋ ਰਿਹੈ। ਮੈਂ ਸਾਰੀ ਉਮਰ ਇਹੋ ਸਮਝਾਉਂਦਾ ਰਿਹਾ ਕਿ ਮੂਰਤੀ ਪੂਜਾ ਪਾਪ ਏ, ਬੁੱਤ ਪੂਜਾ ਬਕਵਾਸ ਏ। ਕੰਮ ਇੱਕ ਪੂਜਾ ਏ, ਪਰ ਨਿਰੀ

ਪੂਜਾ ਕੰਮ ਨਹੀਂ ਹੋ ਸਕਦੀ। ਮੇਰੇ ਜੀਵਨ ਦੀ ਸਾਰੀ ਕਮਾਈ ਮਿੱਟੀ ਘੱਟੇ 'ਚ ਰੁਲ ਗਈ ਏ। ਮੈਂ ਬਹੁਤ ਉਦਾਸ ਆਂ।

ਚੇਲਾ: ਇੱਥੇ ਤਾਂ ਹੁਣ ਉਲਟੀ ਗੰਗਾ ਚਲਦੀ ਏ। ਇੱਕ ਸ਼ਰਧਾਲੂ ਪੱਥਰ ਅੱਗੇ ਹੱਥ ਜੋੜ ਕੇ ਅੱਖਾਂ ਬੰਦ ਕਰ ਕੇ ਬੈਠੇ ਜਿਵੇਂ ਹੁਣੇ ਰੱਬ ਨੇ ਪੱਥਰ ਪਾੜ ਕੇ ਵਿੱਚੋਂ ਬਾਹਰ ਨਿਕਲ ਆਉਣਾ ਏ ਤੇ ਉਸ ਸ਼ਰਧਾਲੂ ਦੇ ਗੱਲ 'ਚ ਹਾਰ ਪਾ ਦੇਣੈਂ। (ਇੱਕ ਪਾਸੇ ਇਸ਼ਾਰਾ ਕਰਦਾ ਹੋਇਆ) ਮਹਾਤਮਾ ਜੀ ਸਾਹਮਣੇ ਬੜਾ ਉੱਚਾ ਗੇਟ ਬਣ ਰਿਹੈ। ਆਪਣੇ ਦੇਸ਼ ਦਾ ਇਹ ਸਭ ਤੋਂ ਮਹਿੰਗਾ ਗੇਟ ਬਣੇਗਾ।

ਮਹਾਤਮਾ: ਕਿਹਦੇ ਨਾਂ ਦਾ ਗੇਟ ਬਣ ਰਿਹੈ?

ਚੇਲਾ: ਜੀ ਇਹ ਤੁਹਾਡੇ ਨਾਂ ਤੇ ਹੋ ਰਿਹੈ। ਹੁਣ ਤੇ ਇਸ ਨਗਰ ਵਿੱਚ ਕੋਈ ਦੁਕਾਨ ਖੁੱਲੇ ਜਾਂ ਹਸਪਤਾਲ, ਤਾਂ ਵੀ ਤੁਹਾਡੇ ਨਾਂ ਤੇ।

ਮਹਾਤਮਾ: ਮੇਰੇ ਨਾਂ ਦੀ ਇੰਨੀ ਵਰਤੋਂ ਕਿਉਂ?

ਚੇਲਾ: ਘਾਟਾ ਨਹੀਂ ਪੈਂਦਾ। ਮਾਇਆ ਐਂ ਵਰਦੀ ਏ ਜਿਵੇਂ ਸੌਣ ਦੇ ਮਹੀਨੇ ਮੀਂਹ ਵਰਦਾ ਏ। ਇਸ ਗੇਟ ਉੱਪਰ ਤੁਹਾਡਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਤੁਸੀਂ ਅਜੇ ਵੀ ਖ਼ੁਸ਼ ਨਹੀਂ?

ਮਹਾਤਮਾ: ਮੈਂ ਖ਼ੁਸ਼ ਕਿਵੇਂ ਹੋਵਾਂ? ਇਹਨਾਂ ਲੋਕਾਂ ਨੂੰ ਹੋਰ ਕੋਈ ਕੰਮ ਨਹੀਂ ਜਿਹੜੇ ਗੇਟ ਬਨਾਉਣ ਵਾਸਤੇ ਪਹੁੰਚੇ ਨੇ?

ਚੇਲਾ: ਸਾਰੇ ਕੰਮ ਛੱਡ ਕੇ ਆਏ ਨੇ। ਨਿਹਾਲੇ ਦੀ ਬਾਹਰ ਪੈਲੀ ਵਿੱਚ ਤੂੜੀ ਪਈ ਏ, ਜੇ ਮਾੜੀ ਜਿਹੀ ਹਨੇਰੀ ਆਈ ਤਾਂ ਮਾਂਜਾ ਈ ਫਿਰ ਜਾਵੇਗਾ। ਖੁਸ਼ਹਾਲੇ ਦੀ ਢੋਣ ਵਾਲੀ ਰੂੜੀ ਪਈ ਏ। ਮੇਲੋ ਦੇ ਡੰਗਰ ਭੁੱਖੇ ਡਿੰਗਦੇ ਪਏ ਨੇ। ਕੇਹਰੂ ਦੀ ਖੋਤੀ ਪਿਆਸੀ ਏ ਤੇ ਉਹ ਕਿੱਲਾ ਤੁੜਾ ਰਹੀ ਏ।

ਮਹਾਤਮਾ: ਫਿਰ ਉਹ ਕਿਉਂ ਨਹੀਂ ਕਰਦੇ ਆਪੋ ਆਪਣੇ ਕੰਮ? ਇਹਨਾਂ ਲੋਕਾਂ ਨੂੰ ਗੇਟ ਬਨਾਉਣ ਵਾਸਤੇ ਕਿਸ ਬੰਦੇ ਨੇ ਲਾਇਐ?

ਚੇਲਾ: ਅੱਜ ਦੇ ਮਹਾਤਮਾ ਨੇ ਜੋ ਤੁਹਾਡੇ ਮੰਚ ਤੇ ਬਿਰਾਜਮਾਨ ਏ।

ਮਹਾਤਮਾ: ਗੇਟ ਬਨਾਉਣ ਵਾਸਤੇ ਮਾਇਆ ਕਿਥੋਂ ਆ ਰਹੀ ਏ?

ਚੇਲਾ: ਇਹ ਲੋਕ ਮਾਇਆ ਵੀ ਦੇ ਰਹੇ ਨੇ ਤੇ ਹੱਥੀਂ ਸੇਵਾ ਵੀ ਕਰ ਰਹੇ ਨੇ।

ਮਹਾਤਮਾ: ਇਹ ਲੋਕ ਬੜੇ ਦਾਨੀ ਜਾਪਦੇ ਨੇ। ਇਹ ਵੱਖਰੀ ਗੱਲ ਏ ਇਹ ਲੋਕ ਅੱਖਾਂ ਬੰਦ ਕਰਕੇ ਦਾਨ ਦੇ ਰਹੇ ਨੇ। ਇਹਨਾਂ ਲੋਕਾਂ ਕੋਲ ਮਾਇਆ ਦੇ ਬੜੇ ਭੰਡਾਰ ਹੋਣਗੇ?

ਚੇਲਾ: ਮਾਫ ਕਰਨਾ ਮਹਾਤਮਾ ਜੀ, ਇਹ ਲੋਕ ਆਪਣੇ ਘਰ ਦੀਆਂ ਲੋੜਾਂ ਪੂਰੀਆਂ ਕਰਦੇ ਕਰਦੇ ਖੁਦ ਪੂਰੇ ਹੋ ਜਾਂਦੇ ਨੇ। ਕੱਲ੍ਹ ਨਿਹਾਲੇ ਦਾ ਮੁੰਡਾ ਰੋ ਰਿਹਾ ਸੀ ਤੇ ਕਹਿ ਰਿਹਾ ਸੀ ਮੈਨੂੰ ਨਵਾਂ



ਪਜਾਮਾ ਲੈ ਦਿਉ, ਪੁਰਾਣਾ ਪਜਾਮਾ ਫੱਟ ਗਿਐ। ਮੁੰਡਾ ਅਜੇ ਵੀ ਰੋ ਰਿਹੈ ਪਰ ਨਿਹਾਲੇ ਦੀ ਸੇਹਤ ਤੇ ਭੋਰਾ ਅਸਰ ਨਹੀਂ। ਖੁਸ਼ਹਾਲੇ ਦਾ ਮੁੰਡਾ ਕਾਪੀਆਂ ਮੰਗ ਰਿਹਾ ਸੀ। ਪਰ ਉਹਨੂੰ ਕਾਪੀਆਂ ਨਹੀਂ ਮਿਲੀਆਂ। ਮੇਲੇ ਦਾ ਬਿਮਾਰ ਮੁੰਡਾ ਸੇਬ ਖਾਣਾ ਚਾਹੁੰਦਾ ਏ ਪਰ ਉਹਨੂੰ ਸੇਬ ਨਹੀਂ ਮਿਲੇਗਾ ਤੇ ਕੇਹਰੂ ਦੀ ਜਨਾਨੀ ਰੁੱਸ ਕੇ ਪੇਕੇ ਦੌੜ ਗਈ ਏ।

ਮਹਾਤਮਾ: ਕਿਉਂ?

ਚੇਲਾ: ਉਹ ਕਹਿੰਦੀ ਸੀ ਮੈਨੂੰ ਸ਼ਨੀਲ ਦਾ ਸੂਟ ਲਿਆ ਕੇ ਦੇ। ਕੇਹਰੂ ਸਿਰ ਫੇਰ ਗਿਆ ਜਨਾਨੀ ਪੇਕੇ ਚਲੀ ਗਈ।

ਮਹਾਤਮਾ: ਰੋਣਾ ਆ ਰਿਹੈ ਇਹ ਲੋਕਾਂ ਵੱਲ ਵੇਖ ਵੇਖ ਕੇ। ਇਹ ਗੇਟ ਬਣਾ ਰਹੇ ਨੇ, ਜਿਹਦਾ ਕੋਈ ਫਾਇਦਾ ਈ ਨਹੀਂ। ਇਹਨਾਂ ਨੂੰ ਜੇਠੂ ਦੀ ਢੱਠੀ ਕੁੱਲੀ ਨਜ਼ਰ ਨਹੀਂ ਆਈ। ਸਿਆਲ ਆ ਰਿਹੈ, ਜੇਠੂ ਤੇ ਉਹਦਾ ਟੱਬਰ ਠਰੂ ਠਰੂ ਕਰੇਗਾ। ਇਹ ਲੋਕ ਉਹਦੀ ਕੁੱਲੀ ਬਣਾ ਦਿੰਦੇ, ਜੇਠੂ ਦਾ ਸਿਆਲ ਸੌਖਾ ਲੱਘ ਜਾਂਦੈ।

ਚੇਲਾ: ਟੱਬਰ ਠਰੇਗਾ ਤਾਂ ਵਿਚਾਰੇ ਜੇਠੂ ਦਾ, ਟੱਬਰ ਮਰੇਗਾ ਤਾਂ ਜੇਠੂ ਦਾ। ਅੱਜ ਦੇ ਮਹਾਤਮਾ ਨੂੰ ਕੀ? ਗੇਟ ਦਾ ਵੀ ਪੱਜ ਈ ਏ ਮਹਾਤਮਾ ਜੀ। ਬਿਮਾਰੀ ਤਾਂ ਮਾਇਆ ਕੱਠੀ ਕਰਨ ਦੀ ਏ। ਸੌ ਚੋਂ ਚਾਲੀ ਲਾਓ ਗੇਟ ਤੇ ਬਾਕੀ ਸੱਠ ਸੁੱਟੋ ਸਿੱਧੇ ਆਪਣੇ ਢਿੱਡ ਵਿੱਚ। ਇਹਨੂੰ ਕਹਿੰਦੇ ਨੇ ਬੁੱਧੀ।

ਮਹਾਤਮਾ: ਇਹ ਲੋਕ ਆਪਣੇ ਬਾਲਾਂ ਦਾ ਪੇਟ ਕੱਟ ਕੇ ਦਾਨ ਦੇ ਰਹੇ ਨੇ। ਨੰਨੇ ਮੁੰਨੇ ਮਸੂਮ ਬੱਚਿਆਂ ਦੀਆਂ ਸਧਰਾਂ ਦਾ ਸ਼ਰੇਆਮ ਗਲਾ ਘੁੱਟਿਆ ਜਾ ਰਿਹੈ।
(ਮਹਾਤਮਾ ਦਾ ਗਲਾ ਭਰ ਜਾਂਦਾ ਹੈ)
ਇਹਨਾਂ ਲੋਕਾਂ ਦੀ ਬੁੱਧੀ ਕੰਮ ਨਹੀਂ ਕਰਦੀ?

ਚੇਲਾ: ਬੁੱਧੀ ਦਾ ਬੁੱਧਊ ਲੋਕਾਂ ਕੋਲ ਕਾਹਦਾ ਕੰਮ? ਇਹ ਲੋਕ ਬੜੀ ਮੌਜ ਵਿੱਚ ਨੇ, ਬੁੱਧੂ ਦੀ ਵਰਤੋਂ ਕਰਨ ਦਾ ਕਸ਼ਟ ਘੱਟ ਈ ਕਰਦੇ ਨੇ। ਇਹ ਚਲਦੇ ਨੇ ਰਿਮੋਟ ਕੰਟਰੋਲ ਨਾਲ। ਅੱਜ ਦਾ ਮਹਾਤਮਾ ਬਟਨ ਦਬਾਉਂਦਾ ਏ ਤੇ ਇਹ ਲੋਕ ਹਰਕਤ ਵਿੱਚ ਆ ਜਾਂਦੇ ਨੇ।

ਕਵਿਤਾ ਦੇ ਬੋਲ: ਵਾਣੀ ਦੇ ਬੋਲ ਪਿਆਰੇ ਨੇ
ਇਹ ਜਮੀਂ ਤੇ ਸਿਤਾਰੇ ਨੇ।

ਮਹਾਤਮਾ: (ਉਤਸੁਕਤਾ ਨਾਲ) ਇਹ ਤਾਂ ਮੇਰੀ ਲਿੱਖੀ ਕਵਿਤਾ ਏ?

ਚੇਲਾ: ਹਾਂ ਮਹਾਤਮਾ ਜੀ, ਇਹ ਸਦਾ ਤੁਹਾਡੀ ਉਸਤਤ ਗਾਉਂਦੇ ਨੇ। ਇੱਕ ਬੰਦਾ ਤੁਹਾਡੀ ਕਵਿਤਾ ਸੁਣਾ ਰਿਹੈ।

ਮਹਾਤਮਾ: ਮੇਰੀ ਕਵਿਤਾ ਦਾ ਕੁੱਝ ਅਸਰ ਲੋਕਾਂ ਉੱਪਰ ਜ਼ਰੂਰ ਪੈਂਦਾ

ਹੋਵੇਗਾ।

ਚੇਲਾ: ਹਾਂ ਜੀ, ਤੁਹਾਡੀ ਕਵਿਤਾ ਉੱਚੀ ਉੱਚੀ ਹੇਕ ਲਾ ਕੇ ਗਾਉਣ ਨਾਲ ਬੋਰੀ ਭਰ ਜਾਂਦੀ ਏ ਨੋਟਾਂ ਨਾਲ। ਉਹ ਵੇਖੋ......

(ਸਟੇਜ ਨੰ: 2 ਤੇ ਰੋਸ਼ਨੀ ਪੈਂਦੀ ਹੈ। ਇੱਕ ਕਲਾਕਾਰ ਗਾਇਕੀ ਵਿੱਚ ਕਵਿਤਾ ਪੇਸ਼ ਕਰ ਰਿਹਾ ਹੈ)

ਕਲਾਕਾਰ: ਰੱਬ ਦੀ ਰਜ਼ਾ 'ਚ ਰਹੋ
ਕਰੋ ਮਾਇਆ ਨਾਲ ਨਾ ਪਿਆਰ
ਕਿਰਤ ਦੀ ਰੋਟੀ ਖਾਓ
ਤੁਸੀਂ ਸਿੱਖ ਲਉ ਚੱਜ ਵਿਹਾਰ।

(ਨੋਟਾਂ ਦੀ ਵਰਖਾ ਹੁੰਦੀ ਹੈ)

ਮਾਇਆ ਦੇ ਖੁੱਲੇ ਗਫ਼ੇ ਲਵਾਉਣ ਵਾਲੇ ਸਾਰੇ ਸੱਜਨ ਮਹਾਤਮਾ ਜੀ ਦੀ ਕਵਿਤਾ ਨੂੰ ਤਹਿ ਤੱਕ ਸਮਝਦੇ ਨੇ। ਇਹਨਾਂ ਸਭ ਸਜਨਾਂ ਨੇ ਆਪਣਾ ਅਗਲਾ ਜੀਵਨ ਸਫਲਾ ਕਰ ਲਿਆ ਹੈ। ਮਹਾਤਮਾ ਜੀ ਦੀ ਕਵਿਤਾ ਤੱਪਦੇ ਦਿਲਾਂ ਨੂੰ ਠਾਰਦੀ ਏ। ਬੋਲੋ, ਜੈ ਮਹਾਤਮਾ ਦੀ।

ਲੋਕ: ਜੈ ਮਹਾਤਮਾ ਦੀ।

ਕਲਾਕਾਰ: ਤੇ ਮਹਾਤਮਾ ਜੀ ਨੇ ਕਿਹੈ-ਭਗਤ ਜਨੋ, ਜਿਥੇ ਕਿਤੇ ਵੀ ਤੁਸੀਂ ਸਾਨੂੰ ਯਾਦ ਕਰੋਗੇ, ਸਾਡਾ ਚੀਨਾ ਕਬੂਤਰ ਤੁਹਾਨੂੰ ਉਥੇ ਮਿਲੇਗਾ। ਚੀਨਾ ਕਬੂਤਰ ਤੁਹਾਡੇ ਮਨ ਦੀ ਵੇਦਨਾ ਸੁਣੇਗਾ ਤੇ ਉੱਡ ਕੇ ਮੇਰੇ ਪਾਸ ਆ ਜਾਵੇਗਾ। ਤੁਹਾਡੀ ਵਿਥਿਆ ਸਾਨੂੰ ਸੁਣਾਵੇਗਾ ਤੇ ਨਾਲ ਹੀ ਤੁਹਾਡਾ ਕਸ਼ਟ ਕੱਟਿਆ ਜਾਵੇਗਾ।

ਲੋਕ: ਜੈ ਮਹਾਤਮਾ ਦੀ , ਜੈ ਚੀਨੇ ਕਬੂਤਰ ਦੀ।

(ਰੋਸ਼ਨੀ ਵਿਚਕਾਰਲੀ ਸਟੇਜ ਤੇ ਪੈਂਦੀ ਹੈ)

ਮਹਾਤਮਾ: (ਕਾਹਲਾ ਪੈਂਦਾ ਹੋਇਆ) ਮੇਰਾ ਵੱਸ ਚੱਲੇ ਤਾਂ ਇਸ ਕਲਾਕਾਰ ਦੇ ਮਾਰ ਕੇ ਥੱਪੜ ਮੂੰਹ ਲਾਲ ਕਰ ਦਿਆਂ। ਲਾਲਚੀ ਕੁੱਤਾ ਕਿਸੇ ਥਾਂ ਦਾ। ਆਪਣੇ ਕੋਲੋਂ ਮਨਘੜਤ ਗੱਲਾਂ ਸੁਣਾਈ ਜਾ ਰਿਹੈ ਤੇ ਲੋਕ ਇਤਬਾਰ ਕਰੀ ਜਾ ਰਹੇ ਨੇ। ਮੇਰੇ ਪਾਸ ਨਾ ਕੋਈ ਚੀਨਾ ਕਬੂਤਰ ਸੀ ਨਾ ਕੋਈ ਹੋਰ ਕਿਸੇ ਰੰਗ ਦਾ ਕਬੂਤਰ ਸੀ। ਮੇਰੇ ਮੰਚ ਤੇ ਚੜ੍ਹਕੇ ਇਹ ਬੰਦਾ ਝੂਠ ਬੋਲੀ ਜਾਂਦੈ।

ਚੇਲਾ: ਇਹ ਲੋਕਾਂ ਨੂੰ ਸਵਰਗ ਦੇ ਝੂਟੇ ਦੀ ਗਰੰਟੀ ਦੇ ਰਿਹੈ।

ਮਹਾਤਮਾ: ਗਰੰਟੀ?

ਚੇਲਾ: ਇਤਬਾਰ ਦਾ ਦੂਜਾ ਨਾਂ। ਲੋਕ ਬਜ਼ਾਰਾਂ ਵਿੱਚ ਜਾਂਦੇ ਨੇ, ਮੰਡੀਆਂ ਵਿੱਚ ਜਾਂਦੇ ਨੇ, ਖਰੀਦੋ ਫਰੋਖਤ ਕਰਦੇ ਨੇ। ਦੁਕਾਨਦਾਰ ਵੇਚੀ ਚੀਜ਼ ਦੀ ਗਰੰਟੀ ਦਿੰਦੇ ਨੇ ਕਿ ਆਹ ਚੀਜ਼ ਠੀਕ ਨਾ ਚੱਲੇ ਤਾਂ ਸਾਡੀ ਦੁਕਾਨੇ ਸੁੱਟ ਜਾਇਓ। ਕੇਹਰੂ ਨੇ ਮੰਡੀ ਵਿੱਚੋਂ ਮੱਝ ਖਰੀਦੀ। ਵੇਚਣ ਵਾਲੇ ਨੇ ਕਿਹੈ-



ਦਸ ਲਿਟਰ ਤੋਂ ਘੱਟ ਦੁੱਧ ਦੇਵੇ ਤਾਂ ਸਾਡੇ ਕਿੱਲੇ ਬੰਨ ਜਾਵੀਂ। ਇਹੋ ਗੱਲਾਂ ਕਲਾਕਾਰ, ਕਥਾਕਾਰ ਵਗੈਰਾ ਕਰੀ ਜਾਂਦੇ ਨੇ।

ਮਹਾਤਮਾ: ਪਰ ਇਹ ਸਭ ਬਕਵਾਸ ਬਾਜੀ ਏ।

ਚੇਲਾ: ਲੋਕਾਂ ਨੂੰ ਬਕਵਾਸ ਬਾਜੀ ਸੁਣ ਕੇ ਸਵਾਦ ਬੜਾ ਆਉਂਦੈ।

ਮਹਾਤਮਾ: ਇਥੋਂ ਬਦਕਿਸਮਤੀ ਪੈਦਾ ਹੋਵੇਗੀ। ਇਹ ਮਨਘੜਤ ਤੇ ਝੂਠੀਆਂ ਕਥਾਵਾਂ ਤਤਕਾਲ ਬੰਦ ਹੋਣੀਆਂ ਚਾਹੀਦੀਆਂ ਨੇ।

ਚੇਲਾ: ਹਾਂ, ਇਹਨਾਂ ਕਥਾਵਾਂ ਨੇ ਅਕਲ ਨੂੰ ਖੋਰ ਕੇ ਬਾਹਰ ਕੱਢ ਦੇਣਾ ਏ।

ਮਹਾਤਮਾ: ਇਹਨਾਂ ਨੂੰ ਇਹ ਨਹੀਂ ਪਤਾ ਜਰਾ ਅੱਖਾਂ ਖੋਹਲ ਕੇ ਦੂਰ ਤੱਕ ਨਜ਼ਰ ਮਾਰਨ, ਸਵਰਗ ਨਜ਼ਰ ਆਵੇਗਾ। ਜੇ ਇਹਨਾਂ ਕੋਲ ਦੂਰ-ਅੰਦੇਸ਼ੀ ਨਾ ਹੋਈ ਤਾਂ ਇਹ ਸਦਾ ਨਰਕਾਂ ਵਿੱਚ ਹੀ ਰਹਿਣਗੇ।

ਚੇਲਾ: ਪਰ ਲੋਕ ਤਾਂ ਕਿਸੇਹੋਰ ਈ ਸਵਰਗ ਲੱਭਣ ਦੀ ਕੋਸ਼ਿਸ਼ ਵਿੱਚ ਨੇ ਜੋ ਅਸਲ ਵਿੱਚ ਹੈ ਈ ਨਹੀਂ।

ਮਹਾਤਮਾ: ਹੁਣ ਪਤਾ ਲੱਗੈ ਇਸ ਥਾਂ ਤੇ ਜਿਹੜੀਆਂ ਠੰਡੀਆਂ, ਮਿੱਠੀਆਂ ਪੌਣਾਂ ਚਲਦੀਆਂ ਸੀ, ਉਹ ਕਿਉਂ ਨਹੀਂ ਰਹੀਆਂ। ਇਥੇ ਦੀ ਹਵਾ ਇੰਨੀ ਜ਼ਹਿਰੀਲੀ ਹੋਣੀ ਸੁਭਾਵਿਕ ਹੀ ਸੀ।

ਅਵਾਜ਼ਾਂ: ਜੈ ਮਹਾਤਮਾ ਦੀ, ਜੈ ਮਹਾਤਮਾ ਦੀ।

(ਸਟੇਜ ਨੰ: 2 ਤੇ ਰੋਸ਼ਨੀ ਪੈਂਦੀ ਹੈ ਤੇ
ਅੱਜ ਦਾ ਮਹਾਤਮਾ ਸਟੇਜ ਤੇ ਚੜ੍ਹਨ ਦੀ
ਕੋਸ਼ਿਸ਼ ਵਿੱਚ ਹੈ, ਰੋਸ਼ਨੀ ਇੱਕ ਵਾਰ ਫਿਰ
ਵਿਚਕਾਰਲੀ ਸਟੇਜ ਤੇ ਪੈਂਦੀ ਹੈ)

ਮਹਾਤਮਾ: ਉਹ ਕੌਣ ਏ ਮੋਟਾ ਜਿਹਾ, ਭਾਰੀ ਗੋਗੜ ਵਾਲਾ ਬੰਦਾ?

ਚੇਲਾ: ਮਹਾਤਮਾ ਜੀ, ਬੁੱਝੋ ਭਲਾ ਕੌਣ ਏ?

ਮਹਾਤਮਾ: ਇਹ ਬੰਦਾ ਏ ਕਿ ਰਾਖਸ਼? ਇਹਦੇ ਸਰੀਰ ਨੂੰ ਝੋਲ ਪਈ ਪੈਂਦੀ ਏ, ਲੱਤਾਂ ਹਚਕੋਲੇ ਖਾ ਰਹੀਆਂ ਨੇ।

ਚੇਲਾ: ਦਸਾਂ ਇਹ ਬੰਦਾ ਕੌਣ ਏ।

ਮਹਾਤਮਾ: ਇਹ ਕੋਈ ਪਹਿਲਵਾਨ ਲਗਦੈ

ਚੇਲਾ: ਇਹ ਪਹਿਲਵਾਨ ਨਹੀਂ ਜੀ, ਇਹ ਅੱਜ ਦਾ ਮਹਾਤਮਾ ਏ।

ਮਹਾਤਮਾ: (ਬਹੁਤ ਹੈਰਾਨੀ ਵਿੱਚ) ਹੈ?

ਚੇਲਾ: ਜੀ ਹਾਂ!

ਮਹਾਤਮਾ: ਸਤਿਆਨਾਸ!

ਚੇਲਾ: ਉਹ ਤਾਂ ਹੋ ਈ ਰਿਹੈ।

ਮਹਾਤਮਾ: ਮੈਂ ਸਮਝਿਆ ਇਸ ਬੰਦੇ ਨੇ ਸਰੀਰ ਇਸ ਤਰ੍ਹਾਂ ਪਾਲਿਆ ਹੋਇਐ ਜਿਵੇਂ ਇਹਨੇ ਵਿਸ਼ਵ ਦੀਆਂ ਖੇਡਾਂ ਵਿੱਚ ਕੁਸ਼ਤੀ ਕਰਨ ਜਾਣਾ ਹੋਵੇ। (ਦੂਸਰੀ ਸਟੇਜ ਵੱਲ ਵੇਖ ਕੇ) ਉਹਨੂੰ ਕੁੱਝ ਬੰਦੇ

ਚੁੱਕ ਕੇ ਚੜ੍ਹਾ ਰਹੇ ਨੇ।

**ਚੇਲਾ:** ਜੀ ਇਹਨੂੰ ਕਾਰ ਵਿਚ ਚੁੱਕ ਕੇ ਚੜ੍ਹਾਉਂਦੇ ਨੇ ਤੇ ਕਾਰ ਵਿੱਚੋਂ ਲਾਹੁੰਦੇ ਵੀ ਇਸੇ ਤਰ੍ਹਾਂ ਨੇ। ਅੱਜ ਦੇ ਮਹਾਤਮਾ ਦੀ ਸਭਾ ਲਗਣ ਵਾਲੀ ਏ।

**ਮਹਾਤਮਾ:** ਉਹ ਮਾਈ ਕੀ ਕਰ ਰਹੀ ਏ? ਮਾਈ ਬੋਤਲ ਚੁੱਕੀ ਫਿਰਦੀ ਏ ਕਿਤੇ ਉਹ ਸ਼ਰਾਬ ਤਾਂ ਨਹੀਂ......

**ਚੇਲਾ:** ਨਾ ਜੀ, ਉਹ ਜਲ ਦੀ ਬੋਤਲ ਚੁੱਕੀ ਫਿਰਦੀ ਏ, ਅੱਜ ਦਾ ਮਹਾਤਮਾ ਫੂਕ ਮਾਰੇਗਾ ਤੇ ਜਲ ਪਵਿੱਤਰ ਹੋ ਜਾਵੇਗਾ।

**ਮਹਾਤਮਾ:** ਫੂਕ ਨਾਲ?

**ਚੇਲਾ:** ਇਥੇ ਇਹੋ ਕੜ੍ਹੀ ਘੁਲਦੀ ਏ। ਤੁਸੀਂ ਵੇਖਦੇ ਜਾਓ ਇਥੋਂ ਦੇ ਚਮਤਕਾਰ..... (ਸਟੇਜ ਨੰ: 2 ਤੇ ਰੋਸ਼ਨੀ ਹੁੰਦੀ ਹੈ ਕੁੱਝ ਬੰਦੇ ਇਕ ਵਿਦਵਾਨ ਨੂੰ ਫੜ੍ਹ ਕੇ ਲਿਆਉਂਦੇ ਹਨ ਤੇ ਅੱਜ ਦੇ ਮਹਾਤਮਾ ਅੱਗੇ ਪੇਸ਼ ਕਰਦੇ ਹਨ)

**ਇੱਕ:** ਜੀ ਇਹ ਉਹੀ ਵਿਦਵਾਨ ਏ।

**ਦੋ:** ਜਿਹਦੇ 'ਚ ਬੜਾ ਅਭਿਮਾਨ ਏ।

**ਇੱਕ:** ਇਹਦਾ ਦੂਰ ਦੂਰ ਤੱਕ ਨਾਮ ਏ।

**ਦੋ:** ਕਹਿੰਦੇ ਮੇਰੀ ਕਲਮ 'ਚ ਬੜੀ ਜਾਨ ਏ।

**ਇੱਕ:** ਇਹ ਉਹੀ ਬੰਦਾ ਏ ਜਿਹਨੇ ਤੁਹਾਡੇ ਖਿਲਾਫ਼ ਵੱਡੇ ਅਫ਼ਸਰ ਕੋਲ ਜਾ ਸ਼ਕੈਤ ਕੀਤੀ ਕਿ ਅੱਜ ਦੇ ਮਹਾਤਮਾ ਦੇ ਮੰਚ ਦੇ ਲਾਊਡ ਸਪੀਕਰ ਬੰਦ ਕਰਵਾ ਦਿਓ।

**ਅੱਜ ਦਾ ਮਹਾਤਮਾ:** (ਭਾਰੀ ਅਵਾਜ਼ ਵਿੱਚ) ਓਏ ਇਹ ਗੁਸਤਾਖੀ ਤੂੰ ਕੀਤੀ ਏ?

**ਵਿਦਵਾਨ:** ਮੈਂ ਕੋਈ ਗੁਸਤਾਖੀ ਨਹੀਂ ਕੀਤੀ, ਮੈਂ ਆਪਣੇ ਹੱਕ ਦੀ ਵਰਤੋਂ ਕੀਤੀ ਏ।

**ਅੱਜ ਦਾ ਮਹਾਤਮਾ:** ਕਿਹੜਾ ਹੱਕ, ਕੈਸਾ ਹੱਕ?

**ਵਿਦਵਾਨ:** ਹਰ ਬੰਦੇ ਨੂੰ ਇਹ ਅਧਿਕਾਰ ਏ ਕਿ ਜੇ ਉਹਨੂੰ ਕੋਈ ਪੇਰਸ਼ਾਨ ਕਰਦੈ ਤਾਂ ਉਸ ਦੇ ਖਿਲਾਫ ਅਵਾਜ਼ ਉਠਾ ਸਕਦੈ।

**ਅੱਜ ਦਾ ਮਹਾਤਮਾ:** ਤੇਰਾ ਅਸੀਂ ਕਿਹੜਾ ਸਿਰ ਪਾੜ੍ਹ ਦਿੱਤਾ ਏ।

**ਵਿਦਵਾਨ:** ਹਾਂ ਤੁਹਾਡੇ ਲਾਊਡ ਸਪੀਕਰਾਂ ਦੀ ਅਵਾਜ਼ ਨੇ ਮੇਰੇ ਕੰਨ ਪਾੜ੍ਹ ਦਿੱਤੇ ਨੇ।

**ਅੱਜ ਦਾ ਮਹਾਤਮਾ:** ਬੰਦਿਆ ਵਾਗੂੰ ਬੋਲ, ਬਕੜਵਾਹ ਨਾ ਕਰ।

**ਵਿਦਵਾਨ:** ਮੈਂ ਜ਼ਿੰਦਗੀ ਵਿੱਚ ਕਦੇ ਬਕੜਵਾਹ ਨਹੀਂ ਕੀਤਾ। ਮੇਰੇ ਘਰ ਕੋਲ ਜਿਹੜੇ ਤੁਸੀਂ ਦੋ ਹਾਰਨ ਲਵਾਏ ਨੇ, ਉਹਨਾਂ ਹਾਰਨਾਂ ਦੀ ਤੇਜ ਤਰਾਰ ਕੰਨ ਪਾੜਵੀਂ ਅਵਾਜ਼ ਨੇ ਸਾਡਾ ਜੀਣਾ ਹਰਾਮ ਕਰ ਦਿੱਤੈ

**ਇੱਕ:** ਮਹਾਤਮਾ ਜੀ, ਇਸ ਬੰਦੇ ਨੇ ਵੱਡੇ ਅਫ਼ਸਰਾਂ ਕੋਲ ਜਾ ਕੇ ਦੁਹਾਈ ਪਾਈ ਮੈਨੂੰ ਮਰਨ ਤੋਂ ਬਚਾ ਲਉ।



**ਅੱਜ ਦਾ ਮਹਾਤਮਾ:** ਹੂੰ ਮਰਨ ਤੋਂ ਬਚਾ ਲਉ! ਇਹ ਮਰ ਜਾਵੇਗਾ ਤਾਂ ਦੁਨੀਆਂ ਕਿਹੜਾ ਸੁੰਨੀ ਹੋ ਜਾਵੇਗੀ।

**ਇੱਕ:** ਇਹ ਬੰਦਾ ਉੱਚੀ ਉੱਚੀ ਚੀਖਦਾ ਹੋਇਆ ਕਹਿ ਰਿਹਾ ਸੀ- ਮੈਂ ਜੀਣਾ ਜਾਹੁੰਦਾ ਹਾਂ, ਮੈਂ ਜੀਣਾ ਚਾਹੁੰਦਾ ਹਾਂ।

**ਅੱਜ ਦਾ ਮਹਾਤਮਾ:** ਇਹਨੇ ਜੀਅ ਕੇ ਕਿਹੜਾ ਦੁਨੀਆਂ ਤਾਰ ਦੇਣੀ ਏ!

**ਵਿਦਵਾਨ:** ਹਰ ਬੰਦੇ ਨੂੰ ਜੀਣ ਦਾ ਅਧਿਕਾਰ ਏ!

**ਅੱਜ ਦਾ ਮਹਾਤਮਾ:** ਜੇ ਜ਼ਰੂਰ ਜੀਣ ਦੀ ਮਨਸ਼ਾ ਏ ਤਾਂ ਬੰਦਿਆਂ ਵਾਂਗੂ ਜੀਣਾ ਸਿੱਖ! ਨਹੀਂ ਤਾਂ ਤੈਨੂੰ ਪਾਠ ਪੜ੍ਹਾਉਣਾ ਈ ਪਵੇਗਾ।

**ਇੱਕ:** ਹਾਂ ਮਹਾਤਮਾ ਜੀ, ਇਹ ਬੰਦਾ ਐਂ ਵੇਖਦਾ ਪਿਆ ਏ ਜਿਵੇਂ ਇਹਨੇ ਹੁਣੇ ਸਾਡੇ ਗਲ ਪੈ ਜਾਣੈਂ।

**ਦੋ:** ਇਸ ਬੰਦੇ ਦੀ ਖਲੜੀ ਵਿੱਚ ਮਾਸਾ ਵੀ ਡਰ ਨਹੀਂ।

**ਇੱਕ:** ਜੀ, ਰਾਤ ਆਹ ਬੰਦਾ ਮੇਰੇ ਸੁਫਨੇ 'ਚ ਆ ਗਿਆ। ਇਹਨੇ ਨਾ ਆਹ ਪੁੱਛਿਆ ਨਾ ਔਹ ਪੁੱਛਿਆ। ਮੇਰੇ ਸਿਰ ਵਿੱਚ ਪੰਜ ਸੱਤ ਜੁੱਤੀਆਂ ਜੜ੍ਹ ਦਿੱਤੀਆਂ। ਇਹ ਮੈਨੂੰ ਛੱਡੇ ਈ ਨਾ। ਕਹਿੰਦੈ-ਹਿਸਾਬ ਕਿਤਾਬ ਬਰਾਬਰ ਕਰ ਕੇ ਈ ਛਡਾਂਗਾ। ਮੈਂ ਕਿਹਾ-ਕਸਾਈਆ ਛੱਡ ਦੇ, ਪਰ ਇਹ ਕਹਿੰਦੈ.....

**ਅੱਜ ਦਾ ਮਹਾਤਮਾ:** ਕੀ ਕਹਿੰਦੈ?

**ਇੱਕ:** ਕਹਿੰਦੈ ਉਦੋਂ ਤੱਕ ਨਹੀਂ ਛੱਡਣਾ ਜਦੋਂ ਤੱਕ ਤੇਰੀ ਹੋਸ਼ ਨਹੀਂ ਟਿਕਾਣੇ ਆਉਂਦੀ। ਮੇਰਾ ਤਾਂ ਅਜੇ ਵੀ ਸਿਰ ਦੁੱਖ ਰਿਹੈ।

**ਦੋ:** ਜੀ ਇੱਕ ਦਿਨ ਇਹੋ ਭਲਾਮਾਣਸ ਮੇਰੇ ਸੁਫਨੇ ਵਿੱਚ ਆ ਗਿਆ ਇਹਨੇ ਲਾਲ ਸੂਹੀਆਂ ਅੱਖਾਂ ਕੱਢ ਕੇ ਮੇਰੇ ਵੱਲ ਵੇਖਿਆ ਤਾਂ ਡਰ ਨਾਲ ਮੇਰਾ ਪਿਸ਼ਾਬ ਨਿਕਲ ਗਿਆ।

**ਅੱਜ ਦਾ ਮਹਾਤਮਾ:** ਇਹ ਬੰਦਾ ਏ ਕਿ ਭੂਤ?

**ਦੋ:** ਇਹ ਤਾਂ ਭੂਤ ਦਾ ਵੀ ਪਿਓ ਵੇ।

**ਵਿਦਵਾਨ:** (ਗੁੱਸੇ ਵਿੱਚ) ਭੂਤ ਤਾਂ ਤੁਸੀਂ ਹੋ ਤੁਸੀਂ।

**ਅੱਜ ਦਾ ਮਹਾਤਮਾ:** (ਕੜਕ ਕੇ) ਮੂਰਖਾ!

**ਇੱਕ:** ਇਹ ਪਾਗਲ ਏ।

**ਦੋ:** ਇਹਦਾ ਦਿਮਾਗ ਖਰਾਬ ਹੋ ਗਿਐ।

**ਵਿਦਵਾਨ:** ਹਾਂ ਹਾਂ ਮੈਂ ਪਾਗਲ ਹਾਂ। ਤੁਸੀਂ ਮੇਰੇ ਲਈਂ ਪਾਗਲ ਹੋ।

**ਇੱਕ:** ਮਹਾਤਮਾ ਜੀ, ਇਹਨੂੰ ਪਾਗਲ ਖਾਨੇ ਭੇਜਣਾ ਚਾਹੀਦੈ।

**ਦੋ:** ਤਤਕਾਲ ਪਾਗਲਖਾਨੇ ਲੈ ਜਾਈਏ, ਨਹੀਂ ਤਾਂ ਇਹਦੇ ਪਰਛਾਵੇਂ ਨਾਲ ਕਈ ਚੰਗੇ ਭਲੇ ਬੰਦੇ ਪਾਗਲ ਹੋ ਜਾਣਗੇ।

**ਇੱਕ:** ਇਹਨੂੰ ਹਲਕਆ ਹੋ ਗਿਐ।

**ਅੱਜ ਦਾ ਮਹਾਤਮਾ:** ਇਸ ਹਲਕਾਏ ਕੁੱਤੇ ਨੂੰ ਮੇਰੀਆਂ ਨਜ਼ਰਾਂ ਤੋਂ ਪਰੇ ਲੈ ਜਾਉ। ਇਹਨੂੰ ਫੜ੍ਹ ਕੇ ਘਸੀਟਦੇ ਘਸੀਟਦੇ ਉਸ ਸੁਧਾਰ ਕਰਨ ਵਾਲੇ ਕਮਰੇ ਵਿੱਚ ਲੈ ਜਾਓ ਤੇ ਆਪਣਾ ਪਾਠ ਪੜ੍ਹਾ ਦਿਓ।

ਇੱਕ: ਘੋਟਣਾ ਫਿਰੇਗਾ ਤਾਂ ਫਤੂਰ ਨਿਕਲ ਜਾਵੇਗਾ।

ਵਿਦਵਾਨ: ਤੁਸੀਂ ਜੋ ਮਰਜੀ ਕਰ ਲਉ ਪਰ ਮੇਰੀ ਜ਼ੁਬਾਨ ਬੰਦ ਨਹੀਂ ਕਰ ਸਕਦੇ। (ਦੋਵੇਂ ਇੱਕ ਅਤੇ ਦੋ ਵਿਦਵਾਨ ਨੂੰ ਫੜ ਕੇ ਲੈ ਜਾਂਦੇ ਹਨ, ਹੁਣ ਰੋਸ਼ਨੀ ਵਿਚਕਾਰਲੀ ਸਟੇਜ ਤੇ ਪੈਂਦੀ ਹੈ)

ਮਹਾਤਮਾ: ਇਹ ਪਾਪ ਏ.....

ਚੇਲਾ: ਇਹਨਾਂ ਵਾਸਤੇ ਇਹੋ ਪੁੰਨ ਏ।

ਮਹਾਤਮਾ: ਉਹਦੀ ਅਵਾਜ਼ ਵਿਚ ਦਮ ਸੀ, ਉਹਦੇ ਸੱਚ ਨੂੰ ਸੁਨਣਾ ਚਾਹੀਦਾ ਸੀ। ਹਾਰਨਾਂ ਦੇ ਸ਼ੋਰ ਸ਼ਰਾਬੇ ਨਾਲ ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਪੀੜਤ ਏ।

ਚੇਲਾ: ਪੀੜਤ ਏ, ਤਾਂ ਈ ਉਹਨੂੰ ਦਵਾਈ ਦੇਣ ਲੱਗੇ ਨੇ ਅੰਦਰ।

ਮਹਾਤਮਾ: ਇਹ ਵੇਖ ਮੇਰਾ ਸਿਰ ਚੱਕਰ ਖਾਣ ਲੱਗ ਪਿਐ। ਮੇਰੀ ਦਵਾਈ? (ਜੇਬ ਚੋਂ ਦਵਾਈ ਕੱਢ ਕੇ ਮੂੰਹ ਵਿੱਚ ਸੁੱਟਦਾ ਹੈ) ਕੀ ਬਣੂ ਇਹਨਾਂ ਲੋਕਾਂ ਦਾ।

ਚੇਲਾ: ਉਪਰ ਵਾਲਾ ਜਾਣੇ। (ਹਨੇਰਾ ਹੋ ਜਾਂਦਾ ਹੈ)
(ਰੋਸ਼ਨੀ ਸਟੇਜ ਨੰ: 2 ਤੇ ਪੈਂਦੀ ਹੈ)

ਅੱਜ ਦਾ ਮਹਾਤਮਾ: (ਇੱਕ ਨੂੰ) ਕਿਤਾਬ ਲਿਖਣ ਵਾਲਾ ਦੋਸ਼ੀ ਪਹੁੰਚ ਗਿਆ ਏ ਕਿ ਨਹੀਂ?

ਇੱਕ: ਪਹੁੰਚ ਗਿਆ ਏ ਜੀ।

ਅੱਜ ਦਾ ਮਹਾਤਮਾ: ਨੰਗੇ ਪੈਰੀਂ ਆਇਆ ਏ?

ਇੱਕ: ਹਾਂ ਜੀ।

ਅੱਜ ਦਾ ਮਹਾਤਮਾ: ਸਾਡੇ ਕੋਲ ਲਿਔਣ ਤੋਂ ਪਹਿਲਾਂ ਉਹਨੂੰ ਬਾਹਰ ਧੁੱਪੇ ਘੰਟਾ ਕੁ ਖੜ੍ਹਾ ਕਰਨਾ ਚਾਹੀਦਾ ਸੀ? ਉਹਦੀ ਅਕਲ ਦੇ ਕੀੜੇ ਬੇਹੋਸ਼ ਹੋ ਜਾਂਦੇ।

ਇੱਕ: ਮੈਂ ਕਿਹਾ ਜੀ ਉਹਨੂੰ ਅਸੀਂ ਦੋ ਘੰਟੇ ਧੁੱਪੇ ਖੜ੍ਹਾ ਕਰੀ ਰੱਖਿਆ ਤੇ ਉਹ ਬੇਹੋਸ਼ ਹੋ ਕੇ ਧੜੰਮ ਕਰ ਕੇ ਜਮੀਨ ਤੇ ਡਿੱਗ ਪਿਆ।

ਅੱਜ ਦਾ ਮਹਾਤਮਾ: (ਹੱਸਦਾ ਹੋਇਆ) ਹਾ---ਹਾ---ਹਾ। ਉਹਦੀ ਮੂਰਤ ਖਿੱਚ ਲੈਣੀ ਸੀ ਜਦੋਂ ਉਹ ਧੁੱਪੇ ਖੜ੍ਹਾ ਸੀ।

ਇੱਕ: ਅਸੀਂ ਤਾਂ ਉਹਦੀਆਂ ਪੰਜ ਮੂਰਤਾਂ ਖਿੱਚ ਲਈਆਂ ਨੇ। ਜਿਹੜੀ ਮੂਰਤ ਵੱਧ ਜੱਚੇਗੀ, ਉਹੀ ਦੁਨੀਆਂ ਨੂੰ ਵਿਖਾਵਾਂਗੇ।

ਅੱਜ ਦਾ ਮਹਾਤਮਾ: ਨਿਕਲ ਗਿਐ ਉਹਦੇ ਵਾਲਾ ਕੰਡਾ।

ਇੱਕ: ਹੁਣ ਤਾਂ ਉਹਨੇ ਮੂੰਹ ਬਣਾਇਐ ਭੋਲੂ ਕਾਕੇ ਵਰਗਾ।

ਦੋ: ਜਿਵੇਂ ਕੱਖ ਨਹੀਂ ਜਾਣਦਾ।

ਅੱਜ ਦਾ ਮਹਾਤਮਾ: ਮੁੜ ਕਲਮ ਨੂੰ ਫੜੇਗਾ ਕਿ ਨਹੀਂ?

ਇੱਕ: ਉਹਦੀ ਕਲਮ ਨੂੰ ਅਸੀਂ ਖੁੰਡਾ ਕਰ ਕੇ ਈ ਛਡਾਂਗੇ।

ਅੱਜ ਦਾ ਮਹਾਤਮਾ: ਉਹਨੂੰ ਪੇਸ਼ ਕੀਤਾ ਜਾਵੇ।
(ਲੇਖਕ ਨੂੰ ਪੇਸ਼ ਕੀਤਾ ਜਾਂਦਾ ਹੈ)



ਉਏ ਸੁਣਾ ਤੇਰਾ ਕੀ ਹਾਲ ਹੈ?

ਲੇਖਕ: ਜੋ ਕੁਝ ਸੀ, ਉਹੀ ਅੱਜ ਏ ਤੇ ਸ਼ਾਇਦ ਕੱਲ੍ਹ......

ਅੱਜ ਦਾ ਮਹਾਤਮਾ: ਕੱਲ੍ਹ ਨੂੰ ਕਿਹੜੀ ਪਰਲੋ ਆ ਜਾਵੇਗੀ। ਅੱਜ ਵੀ ਸਾਡੀ ਇੱਛਾ ਅਨੁਸਾਰ ਚੱਲ ਰਿਹੈ, ਕੱਲ੍ਹ ਵੀ ਇਵੇ ਹੀ ਚੱਲੇਗਾ। ਠੀਕ ਏ ਨਾ?
(ਲੇਖਕ ਚੁੱਪ ਰਹਿੰਦਾ ਹੈ)
ਤੂੰ ਬੋਲਦਾ ਨਹੀਂ ਮੈਂ ਕੀ ਪੁੱਛਿਐ?

ਲੇਖਕ: ਮੈਂ ਇਸ ਬਾਰੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦਾ।

ਅੱਜ ਦਾ ਮਹਾਤਮਾ: ਹਾਂ, ਤੂੰ ਚੁੱਪ ਰਹਿ। ਇੱਕ ਚੁੱਪ ਸੌ ਸੁੱਖ। ਨਾਲੇ ਜੇ ਟਿੱਪਣੀ ਕਰਨ ਦਾ ਖਿਆਲ ਆਵੇ ਵੀ ਤਾਂ ਸਾਡੇ ਵੱਲ ਝਾਤੀ ਜ਼ਰੂਰ ਮਾਰ ਲਵੀਂ।
ਕੋਈ ਨਵੀਂ ਟਿੱਪਣੀ ਕਰਕੇ ਰਾਹ ਜਾਂਦਾ ਪੁਆੜਾ ਨਾ ਸਹੇੜ ਲਵੀਂ। ਕੀ ਕਹਿੰਦੈ?

ਲੇਖਕ: (ਜਾਣ ਬੁੱਝ ਕੇ) ਮੈਂ ਸਮਝਿਆ ਨਹੀਂ।

ਅੱਜ ਦਾ ਮਹਾਤਮਾ: ਹੁਣੇ ਸਮਝਾ ਦੇਂਦੇ ਆਂ (ਇੱਕ ਨੂੰ) ਇਹਦੇ ਹੱਥ ਪਿੱਛੇ ਬੰਨ ਦੇ।

ਲੇਖਕ: ਪਰ ਕਿਉਂ?

ਅੱਜ ਦਾ ਮਹਾਤਮਾ: ਕਦੇ ਨਾ ਕਹਿਣਾ ਕਿਉਂ। ਇਸ ਕਿਉਂ ਤੋਂ ਸਾਰੇ ਪੰਗੇ ਸ਼ੁਰੂ ਹੁੰਦੇ ਨੇਇਸੇ ਕਰਕੇ ਤੇਰੇ ਪਾਪ ਧੋਣ ਲੱਗੇ ਆ।

ਲੇਖਕ: ਪਾਪ?

ਅੱਜ ਦਾ ਮਹਾਤਮਾ: ਉਹ ਘੋਰ ਪਾਪ ਜਿਹੜਾ ਤੇਰੀ ਅਵਾਰਾ ਕਲਮ ਨੇ ਕੀਤੈ। ਤੇਰੀ ਕਿਤਾਬ ਵਿੱਚ ਤੇਰੀ ਕਲਮ ਆਪ ਮੁਹਾਰੇ ਚਲਦੀ ਰਹੀ, ਜੋ ਮਨ 'ਚ ਆਇਆ ਊਟ ਪਟਾਂਗ ਲਿਖ ਦਿੱਤੈ। ਜਿੱਧਰ ਦਿਲ ਕੀਤਾ ਉੱਧਰ ਕਲਮ ਦਾ ਰੁੱਖ ਮੋੜ ਦਿੱਤੈ।

ਇੱਕ: ਜੀ ਇਹਦੀ ਕਲਮ ਦੀ ਧਾਰ ਬੜੀ ਤੇਜ਼ ਏ।

ਦੋ: ਜਦੋਂ ਇਹਦੀ ਕਲਮ ਚਲਦੀ ਏ ਤਾਂ ਸਾਡੇ ਵਰਗੇ ਭੋਲੇ ਭਾਲੇ ਲੋਕਾਂ ਨੂੰ ਜ਼ਮੀਨ ਤੇ ਲਿਟਾ ਦੇਂਦੀ ਏ,ਸਮਝੋ ਮਾਰ ਈ ਦਿੰਦੀ ਏ।

ਇੱਕ: ਇਹਦੀ ਕਲਮ ਇੰਨੀ ਕਮਬਖਤ ਏ ਕਿ ਰਾਤ ਨੂੰ ਪਿਆਰੀ ਪਿਆਰੀ ਨੀਂਦ ਵੀ ਹਰਾਮ ਕਰ ਦੇਂਦੀ ਏ।

ਦੋ: ਸੁੱਤਿਆਂ ਨੂੰ ਵੀ ਹੁੱਜਾਂ ਮਾਰਦੀ ਏ।

ਇੱਕ: ਇਹਨੇ ਕਿਤਾਬ ਵਿੱਚ ਬੜਾ ਕੁੱਝ ਇਸ ਤਰ੍ਹਾਂ ਦਾ ਲਿੱਖ ਮਾਰਿਆ ਜਿਹੜਾ ਸਿੱਧਾ ਸਾਡੀਆਂ ਜੜ੍ਹਾਂ ਨੂੰ ਪੈਂਦੈ।

ਦੋ: ਇਹਨੇ ਹਰ ਗੱਲ ਨੂੰ ਨਵੇਂ ਅਰਥ ਦਿੱਤੇ ਨੇ।

ਅੱਜ ਦਾ ਮਹਾਤਮਾ: ਤੂੰ ਵੱਡੇ ਮਹਾਤਮਾ ਜੀ ਬਾਰੇ ਵੀ ਕੁੱਝ ਭਰਮ ਭੁਲੇਖੇ ਪੈਦਾ ਕੀਤੇ ਨੇ। ਤੂੰ ਉਸ ਮਹਾਨ ਸਖਸ਼ ਦੀ ਸੋਚ ਨੂੰ ਤੋੜ ਮਰੋੜ ਕੇ ਪੇਸ਼ ਕੀਤੈ। ਇਸ ਤਰ੍ਹਾਂ ਤੂੰ ਇਸ ਮੰਚ ਨੂੰ ਸਥਾਪਤ ਕਰਨ ਵਾਲੇ

ਮਹਾਤਮਾ ਦੇ ਅਕਸ ਨੂੰ ਭਾਰੀ ਢਾਹ ਲਾਈ ਏ

ਲੇਖਕ: ਮੈਂ ਵੱਡੇ ਮਹਾਤਮਾ ਪ੍ਰਤੀ ਦਿੱਲੋਂ ਸ਼ਰਧਾ ਰੱਖਦਾ ਹਾਂ।

ਅੱਜ ਦਾ ਮਹਾਤਮਾ: (ਕੜ੍ਹਕਦੀ ਅਵਾਜ਼ ਵਿੱਚ) ਮੂੰਹ ਤੇ ਟੇਪ ਲਾ ਦਿਆਂਗੇ ਜੇ ਹੋਰ ਬਕਵਾਸ ਕੀਤਾ ਤਾਂ। ਸਹੁਰੀ ਦਾ ਬਾਂਦਰ ਵਰਗੀ ਬੂਥੀ ਬਣਾ ਕੇ ਸਾਨੂੰ ਟੋਕਦੈ। (ਇੱਕ ਅਤੇ ਦੋ ਨੂੰ) ਤੁਹਾਡਾ ਕੀ ਵਿਚਾਰ ਏ ਇਹਨੂੰ ਕਿਸ ਤਰ੍ਹਾਂ ਦੀ ਸਜਾ ਦਿੱਤੀ ਜਾਵੇ?

ਇੱਕ: ਇਹਨੂੰ ਬਰਾਦਰੀ ਵਿੱਚੋਂ ਛੇਕ ਦਿਓ, ਬਿਲਕੁੱਲ ਕੱਲਾ ਰਹਿ ਜਾਵੇਗਾ।

ਦੋ: ਸਾਰੇ ਲੋਕ ਇਹਦੇ  ਨਾਲ ਰੋਟੀ ਬੇਟੀ ਦੀ ਸਾਂਝ ਖਤਮ ਕਰ ਦੇਣਗੇ।

ਇੱਕ: ਕੋਈ ਵੀ ਇਹਦਾ ਪਰਛਾਵਾਂ ਨਹੀਂ ਲਵੇਗਾ।

ਦੋ: ਆਪਣੇ ਘਰ ਇਕੱਲਾ ਈ ਡਮਰੂ ਵਜੌਂਦਾ ਫਿਰੇਗਾ।

ਇੱਕ: ਫਿਰ ਕੌਣ ਪੜ੍ਹੇਗਾ ਇਹਦੀ ਕਿਤਾਬ? ਕੋਈ ਵੀ ਨਹੀਂ।

ਦੋ: ਇਹਨੂੰ ਲੋਕਾਂ ਤੋਂ ਕੱਟ ਦਿਉ ਤਾਂ ਇਹ ਸਿਫ਼ਰ ਹੋ ਜਾਵੇਗਾ। ਕੱਲਾ ਕੀ ਕਰ ਲਵੇਗਾ?

ਇੱਕ: ਕੱਲਾ ਤਾਂ ਮਿਰਜਾ ਵੀ ਮਾਰਿਆ ਗਿਆ ਸੀ।

(ਲੇਖਕ ਦੇ ਮਨ ਵਿੱਚ ਕਸ਼ਮਕਸ਼ ਸ਼ੁਰੂ ਹੋ ਜਾਂਦੀ ਹੈ ਕਿ ਉਹ ਇਹਨਾਂ ਦਾ ਸਾਹਮਣਾ ਕਰੇ ਜਾ ਫਿਰ ਹਾਲਾਤਾਂ ਅੱਗੇ ਝੁੱਕ ਜਾਵੇ)

ਮਜ਼ਬੂਤ ਅਵਾਜ਼: ਤੇਰੇ ਨਾਲ ਘੋਰ ਬੇਇਨਸਾਫੀ ਹੋ ਰਹੀ ਏ। ਤੇਰੀ ਕਿਤਾਬ ਨੂੰ ਸਮਝਿਆ ਹੀ ਨਹੀਂ ਗਿਆ।

ਖਿੜਕਵੀ ਅਵਾਜ਼: ਕੋਈ ਵੀ ਤੇਰਾ ਪਰਛਾਵਾਂ ਨਹੀਂ ਲਵੇਗਾ।

ਮਜ਼ਬੂਤ ਅਵਾਜ਼: ਤੂੰ ਤਾਂ ਵੱਡੇ ਮਹਾਤਮਾ ਦੇ ਫਲਸਫ਼ੇ ਵਿਚਲੇ ਸੱਚ ਨੂੰ ਲੋਕਾਂ ਅੱਗੇ ਰੱਖਿਆ ਹੈ, ਤੂੰ ਕੋਈ ਅਪਰਾਧ ਨਹੀਂ ਕੀਤਾ।

ਥਿੜਕਵੀ ਅਵਾਜ਼: ਇਕੱਲਾ ਤਾਂ ਮਿਰਜਾ ਵੀ ਮਾਰਿਆ ਗਿਆ ਸੀ।

ਮਜ਼ਬੂਤ ਅਵਾਜ਼: ਪਰ ਇਸ ਤਰ੍ਹਾਂ ਕਲਮ ਦਾ ਗਲਾ ਘੁੱਟਿਆ ਜਾਵੇਗਾ। ਇਹ ਕਲਮ ਦੀ ਤ੍ਰਾਸਦੀ ਹੋਵੇਗੀ। ਵੱਡੇ ਮਹਾਤਮਾ ਜੀ ਨੇ ਤਾਂ ਕਲਮ ਨੂੰ ਤਲਵਾਰ ਤੋਂ ਵੱਧ ਬਲਵਾਨ ਦੱਸਿਆ ਸੀ।

ਥਿੜਕਵੀ ਅਵਾਜ਼: ਸਾਰੇ ਲੋਕ ਇਹਦੇ ਨਾਲ ਰੋਟੀ ਬੇਟੀ ਦੀ ਸਾਂਝ ਖਤਮ ਕਰ ਦੇਣਗੇ। (ਮਜ਼ਬੂਤ ਅਵਾਜ਼ ਥਿੜਕ ਜਾਂਦੀ ਹੈ) ਹਾਂ, ਸਮਾਂ ਕੱਢ। ਤੇਰੀ ਤਾਂ ਬੇਟੀ ਵੀ ਜਵਾਨ ਹੋਈ ਏ। ਕੱਲ੍ਹ ਨੂੰ ਉਹਦਾ ਵਿਆਹ ਵੀ ਕਰਨੈਂ। ਤੇਰੀ ਕਲਮ ਦੀ ਧਾਰ ਤੇਰੀ ਬੱਚੀ ਦੀਆਂ ਖੁਸ਼ੀਆਂ ਨੂੰ ਖਤਮ ਨਾ ਕਰ ਦੇਵੇ.... ਉਹਦਾ ਕੀ ਕਸੂਰ ਏ?
ਤੂੰ ਆਪ ਤਾਂ ਇਹਨਾਂ ਲੋਕਾਂ ਦੀ ਮਾਰ ਝੱਲ ਲਵੇਂਗਾ ਪਰ ਤੇਰੀ ਬੇਟੀ ਕਿਉਂ .....

(ਲੇਖਕ ਝੁੱਕ ਜਾਣ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ)



ਅੱਜ ਦਾ ਮਹਾਤਮਾ: ਬੋਲ ਤੇਰੀ ਕੀ ਸਲਾਹ ਏ? ਭੁੱਲ ਬਖਸ਼ੌਣ ਦਾ ਖਿਆਲ ਏ ਜਾਂ ਫਿਰ ਬਗਾਵਤ ਕਰਨੀ ਏ?

ਲੇਖਕ: (ਹੌਲੀ ਜਿਹੇ) ਜੋ ਸਜ਼ਾ ਤੁਸੀ ਲਾਉਗੇ। ਇਸ ਮੰਚ ਦੇ ਸਾਹਮਣੇ ਮੇਰਾ ਸਿਰ ਝੁੱਕਿਐ, ਮੈਂ ਸਜ਼ਾ ਕਬੂਲ ਕਰ ਲਵਾਂਗਾ।

ਅੱਜ ਦਾ ਮਹਾਤਮਾ: ਹੁਣ ਪਿਐ ਇਹਦੀ ਖੋਪੜੀ ਵਿੱਚ ਅਕਲ ਦਾ ਤੁਪਕਾ (ਇੱਕ ਨੂੰ) ਇਹਨੂੰ ਵੱਡਾ ਝਾੜੂ ਫੜ੍ਹਾ ਦਿਓ। ਇਹਨੂੰ ਕਹੋ ਸਾਰਾ ਵਿਹੜਾ ਸਾਫ ਕਰਕੇ, ਹੱਥ ਮੂੰਹ ਧੋ ਕੇ ਸਾਡੇ ਪਾਸ ਫਿਰ ਹਾਜ਼ਰ ਹੋਵੇ। (ਹੱਸਦਾ ਹੈ) ਹਾ---ਹਾ---ਹਾ।

(ਇੱਕ, ਲੇਖਕ ਨੂੰ ਲੈ ਜਾਂਦਾ ਹੈ, ਹੁਣ ਰੋਸ਼ਨੀ ਵਿਚਕਾਰਲੀ ਸਟੇਜ ਤੇ ਪੈਂਦੀ ਹੈ)

ਮਹਾਤਮਾ: ਇਹ ਲੇਖਕ ਇੰਨਾ ਮਾੜਕੂ ਜਿਹਾ ਕਿਉਂ ਏ?

ਚੇਲਾ: ਇਹਦਾ ਖੂਨ ਪੀ ਲਿਐ ਇਨ੍ਹਾਂ ਲੋਕਾਂ ਨੇ। ਅੱਜ ਦੇ ਮਹਾਤਮਾ ਲੋਕ ਨਹੀ ਚਾਹੁੰਦੇ ਕਿ ਲੋਕ ਇਨ੍ਹਾਂ ਦੀ ਆਵਾਜ਼ ਸੁਨਣ, ਨਹੀਂ ਤਾਂ ਇੱਕ ਕ੍ਰਾਂਤੀ ਆ ਜਾਵੇਗੀ ਤੇ ਮੰਚ ਤੇ ਕਾਬਜ਼ ਲੋਕਾਂ ਦਾ ਬੋਰੀ ਬਿਸਤਰਾ ਗੋਲ ਹੋ ਜਾਵੇਗਾ।

ਮਹਾਤਮਾ: ਮੈਂ ਆਪਣੇ ਜੀਂਦੇ ਜੀਅ ਲੇਖਕਾਂ ਨੂੰ ਪੂਰਾ ਸਤਿਕਾਰ ਦਿੰਦਾ ਰਿਹਾਂ ਤੇ ਹਰ ਮਸਲੇ ਤੇ ਇਨ੍ਹਾਂ ਦੀ ਸਲਾਹ ਲੈਂਦਾ ਰਿਹਾ। ਲੇਖਕ ਤਾਂ ਕੌਮ ਦੀ ਜਿੰਦਜਾਨ ਹੁੰਦੇ ਨੇ।

ਚੇਲਾ: ਅੱਜ ਅੱਖੀਂ ਵੇਖ ਈ ਲਿਐ ਇੱਕ ਲੇਖਕ ਨੂੰ ਉਹਦੀ ਪੁਸਤਕ ਦਾ ਢੁੱਕਵਾਂ ਸਨਮਾਨ ਮਿਲ ਰਿਹੈ।

ਮਹਾਤਮਾ: ਉਹਦੀ ਪੁਸਤਕ ਵਿੱਚੋਂ ਚਾਨਣ ਦੀਆਂ ਕਿਰਨਾਂ ਨਿਕਲਦੀਆਂ ਨੇ ਜੋ ਸਾਰੇ ਵਾਤਾਵਰਣ ਨੂੰ ਰੁਸ਼ਨਾਉਂਦੀਆਂ ਨੇ। ਲੋਕਾਂ ਨੂੰ ਉਨ੍ਹਾਂ ਦੀ ਅਸਲ ਮੰਜ਼ਲ ਵੱਲ ਮੋੜਦੀਆਂ ਨੇ।

ਚੇਲਾ: ਇਹੋ ਤਾਂ ਇਸ ਪੁਸਤਕ ਦਾ ਕਸੂਰ ਏ। ਇਸ ਪੁਸਤਕ ਵਿੱਚ ਜਿੰਨਾਂ ਜ਼ਿਆਦਾ ਸੱਚ ਏ, ਇਸ ਪੁਸਤਕ ਦਾ ਦੋਸ਼ ਉਨ੍ਹਾਂ ਹੀ ਵੱਧ ਏ।

ਮਹਾਤਮਾ: ਫਿਰ ਤਾਂ ਇਸ ਕਾਲੀ ਬੋਲੀ ਰਾਤ ਦੀ ਉਮਰ ਵਧਦੀ ਜਾਵੇਗੀ।

ਚੇਲਾ: ਉਹ ਤਾਂ ਹੈ ਈ। ਉਹ ਵੇਖੋ ਲੇਖਕ ਸਿਰ ਜਿਹੜੀ ਸਜਾ ਲਾਈ ਸੀ, ਉਹ ਸਜਾ ਭੁਗਤ ਕੇ ਅੱਜ ਦੇ ਮਹਾਤਮਾ ਕੋਲ ਪੇਸ਼ ਹੋ ਰਿਹੈ। (ਰੋਸ਼ਨੀ ਸਟੇਜ ਨੰ: 2 ਤੇ ਪੈਂਦੀ ਹੈ)

ਅੱਜ ਦਾ ਮਹਾਤਮਾ: ਤੇਰੇ ਪਾਪ ਇੱਕ ਵਾਰ ਤਾਂ ਧੁੱਪ ਗਏ। ਅੱਜ ਤੋਂ ਬਾਅਦ ਡੰਗ ਜਾਂ ਚੋਭ ਦੀ ਵਰਤੋਂ ਕੀਤੀ ਤਾਂ ਮੁੜ ਮਾਫੀ ਨਹੀਂ ਮਿਲਣੀ। ਕੀ ਕਹਿੰਦੈ?

ਲੇਖਕ: ਜੀ

ਅੱਜ ਦਾ ਮਹਾਤਮਾ: ਆਸਤਿਕ ਬਣੋਂ। ਮਹਾਤਮਾ ਲੋਕਾਂ ਦੀ ਮਹਿਮਾ ਗਾਓ।

ਲੇਖਕ: ਮੈਂ ਜਾਵਾਂ?

ਅੱਜ ਦਾ ਮਹਾਤਮਾ: ਸਾਡੇ ਪਾਸ ਤੇਰਾ ਦਿਲ ਨਹੀਂ ਲਗਦਾ। ਇਸ ਤਰ੍ਹਾਂ ਲਗਦੈ ਤੂੰ ਆਪਣੇ ਅੰਦਰ ਕੁੱਝ ਛਿਪਾ ਕੇ ਬੈਠੈਂ।

ਲੇਖਕ: ਜੀ ਨਹੀਂ।

ਇੱਕ: (ਲੇਖਕ ਨੂੰ) ਸੋਚ ਕੇ ਕਲਮ ਚਲਾਵੀਂ।

ਦੋ: ਇਸ ਮੰਚ ਨਾਲ ਨਾ ਮੱਥਾ ਲਾਵੀਂ।

(ਅੱਜ ਦਾ ਮਹਾਤਮਾ, ਇੱਕ ਅਤੇ ਦੋ ਹੱਸਦੇ ਹਨ। ਆਪਣਾ ਮਖੌਲ ਉਡਦਾ ਵੇਖ ਲੇਖਕ ਉਨ੍ਹਾਂ ਨੂੰ ਘ੍ਰਿਣਾ ਭਰੀ ਨਜ਼ਰ ਨਾਲ ਵੇਖਦਾ ਹੈ। ਫਿਰ ਆਪਣੀ ਬੁਜ਼ਦਿਲੀ ਨੂੰ ਵੀ ਕੋਸਦਾ ਹੈ। ਉਹਦੇ ਚਿਹਰੇ ਉੱਪਰ ਫੈਸਲਾਕੁੰਨ ਲੜਾਈ ਲੜਣ ਦੇ ਚਿੰਨ੍ਹ ਸਾਫ ਵਿਖਾਈ ਦਿੰਦੇ ਹਨ)

ਅੱਜ ਦਾ ਮਹਾਤਮਾ: ਤੂੰ ਗਿਆ ਨਹੀਂ?

ਲੇਖਕ: ਮੈਨੂੰ ਮੇਰੇ ਪ੍ਰਸ਼ਨ ਦਾ ਜਵਾਬ ਚਾਹੀਦੈ।

ਅੱਜ ਦਾ ਮਹਾਤਮਾ: (ਭੜਕ ਕੇ) ਕਿਹੜਾ ਪ੍ਰਸ਼ਨ?

ਲੇਖਕ: ਮੇਰੀ ਕਿਤਾਬ ਵਿੱਚ ਇਤਰਾਜਯੋਗ ਅੰਸ਼ ਕਿਹੜੇ ਨੇ?

ਅੱਜ ਦਾ ਮਹਾਤਮਾ: ਤੈਨੂੰ ਨਹੀਂ ਪਤਾ?

ਲੇਖਕ: ਜੇ ਪਤਾ ਹੁੰਦਾ ਤਾਂ ਲਿਖਦਾ ਹੀ ਕਿਉਂ।

ਅੱਜ ਦਾ ਮਹਾਤਮਾ: ਨਾਲੇ ਚੋਰ ਨਾਲੇ ਚਤਰ।

ਲੇਖਕ: ਕੀ ਮਤਲਬ?

ਅੱਜ ਦਾ ਮਹਾਤਮਾ: ਸਹੁਰਾ ਮਤਲਬ ਦਾ। ਚੁੱਪ ਕਰਕੇ ਦਫ਼ਾ ਹੋ ਜਾ, ਨਹੀਂ ਤਾਂ.....?

ਲੇਖਕ: ਨਹੀਂ ਤਾਂ ਕੀ?

ਅੱਜ ਦਾ ਮਹਾਤਮਾ: ਬਰਾਦਰੀ ਵਿੱਚੋਂ ਛੇਕ ਦੇਵਾਂਗਾ।

ਲੇਖਕ: ਮੈਨੂੰ ਹੁਣ ਕੋਈ ਪ੍ਰਵਾਹ ਨਹੀਂ। ਆਖਰਕਾਰ ਕਿਸੇ ਨੂੰ ਤਾਂ ਬਲੀਦਾਨ ਦੇਣਾ ਈ ਪਵੇਗਾ। ਮੈਂ ਬਲੀਦਾਨ ਦੇਵਾਂਗਾ, ਤੁਹਾਡੇ ਕਾਲੇ ਕਾਰਨਾਮਿਆਂ ਉੱਪਰ ਰੋਸ਼ਨੀ ਪਾਵਾਂਗਾ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਅੰਧਕਾਰ ਦਾ ਖਾਤਮਾ ਹੋ ਸਕੇ। (ਲੇਖਕ ਕਹਿੰਦਾ ਹੋਇਆ ਚਲਾ ਜਾਂਦਾ ਹੈ)

ਅੱਜ ਦਾ ਮਹਾਤਮਾ: ਹਰ ਕੋਈ ਸਾਲਾ ਲੱਲੀ ਛੱਲੀ ਆਪਣੇ ਆਪ ਨੂੰ ਵਿਦਵਾਨ ਸਮਝੀ ਬੈਠੈ। ਜਿਹੜਾ ਸਾਲਾ ਚਾਰ ਕੁ ਅੱਖਰ ਪੜ੍ਹ ਲੈਂਦੈ, ਉਹ ਅਪਣੀਆਂ ਤੋਪਾਂ ਦਾ ਮੂੰਹ ਸਾਡੇ ਵੱਲ ਈ ਕਰ ਲੈਂਦੈ। (ਰੋਸ਼ਨੀ ਵਿਚਕਾਰਲੀ ਸਟੇਜ ਤੇ ਪੈਂਦੀ ਹੈ)

(ਵਿਚਕਾਰਲੀ ਸਟੇਜ ਦੇ ਸੱਜੇ ਪਾਸੇ ਤੋਂ ਸ਼ੋਰ ਸ਼ਰਾਬਾ ਸੁਣਾਈ ਦਿੰਦਾ ਹੈ)

ਮਹਾਤਮਾ: ਇਹ ਰੌਲਾ ਕਿਸ ਤਰ੍ਹਾਂ ਦਾ ਏ? ਇਹ ਤਾਂ ਸਿਰ ਵਿੱਚ ਵੜਦਾ ਜਾ ਰਿਹੈ।

ਚੇਲਾ: ਇਹ ਗੀਤ ਗੌਣ ਵਾਲਿਆਂ ਦੀ ਇੱਕ ਟੋਲੀ ਏ। ਇੱਕ ਗਾਇਕ ਗਾ ਰਿਹੈ ਤੇ ਦੂਜੇ ਲੋਕ ਉਹਦਾ ਸਾਥ ਦੇ ਰਹੇ ਨੇ।



ਮਹਾਤਮਾ: ਇਹ ਅਵਾਜ਼ਾਂ ਬੜੀ ਕੁਰੱਖਤ ਨੇ?

ਚੇਲਾ: ਗਾਇਕੀ ਦਾ ਮੁਹਾਂਦਰਾ ਹੀ ਬਦਲ ਗਿਆ ਏ। ਇਹ ਲੋਕ ਇਸ ਤਰ੍ਹਾਂ ਗੌਂਦੇ ਨੇ ਜਿਵੇਂ ਮੱਕੀ ਦੇ ਖੇਤ ਵਿੱਚੋਂ ਕਾਂ ਉਡਾ ਰਹੇ ਹੋਣ।

ਮਹਾਤਮਾ: ਇਹ ਤਾਂ ਸਟੇਜ ਤੇ ਦੌੜੇ ਫਿਰਦੇ ਨੇ?

ਚੇਲਾ: ਇਹ ਨੱਚਦੇ ਟੱਪਦੇ ਹੀ ਗਾ ਸਕਦੇ ਨੇ। ਉਹ ਵੇਖੋ ਜਰਾ ਇਨ੍ਹਾਂ ਦੇ ਕਮਾਲਾਂ ਕਰਦੇ ਕਰਤਬ। (ਰੋਸ਼ਨੀ ਸਟੇਜ ਨੰ: 3 ਤੇ ਪੈਂਦੀ ਹੈ)

ਗਾਇਕ: ਤੂੰ ਪੜ੍ਹਾਈ ਛੱਡ ਕਿਉਂ ਘਰ ਬਹਿ ਗਈ ਕੀ ਹੋਇਆ ਹੋ ਗਈ ਫੇਲ੍ਹ ਹੀਰੇ।

ਬਾਕੀ: ਕੀ ਹੋਇਆ ਹੋ ਗਈ ਫੇਲ੍ਹ ਹੀਰੇ।

ਗਾਇਕ: ਕਿਤਾਬਾਂ ਫੜ੍ਹ ਆ ਜਾ ਨੀਂ।
ਸੜਕਾਂ ਤੇ ਰੌਣਕ ਲਾ ਜਾ ਨੀਂ।

ਬਾਕੀ: ਬੱਲੇ ਬੱਲੇ, ਸ਼ਾਵਾ, ਨਹੀਂ ਰੀਸਾਂ। ਹੁ....ਰ....ਰ

ਗਾਇਕ: ਸੱਸ ਮੇਰੀ ਨੇ ਮੁੰਡੇ ਜੰਮੇ, ਮੁੰਡੇ ਜੰਮ ਦਿੱਤੇ ਬਾਰਾਂ
ਪੱਪੂ, ਬਿੱਟੂ ਸਾਰੇ ਖੇਡਣ, ਆ ਗਈਆਂ ਬਹਾਰਾਂ।

ਬਾਕੀ: ਆ ਗਈਆਂ ਬਹਾਰਾਂ
ਸ਼ਾਵਾ ਆ ਗਈਆਂ ਬਹਾਰਾਂ
ਬੱਲੇ ਬੱਲੇ ਸ਼ੁ...ਰ...ਰ (ਰੋਸ਼ਨੀ ਵਿਚਕਾਰਲੀ ਸਟੇਜ ਤੇ ਪੈਂਦੀ ਹੈ)

ਚੇਲਾ: ਇਨ੍ਹਾਂ ਤਾਂ ਨੱਚ ਨੱਚ ਧਰਤੀ ਪੁੱਟ ਦਿੱਤੀ ਏ।

ਮਹਾਤਮਾ: ਮੈਂ ਇਨ੍ਹਾਂ ਸਾਰਿਆਂ ਨੂੰ ਪਛਾਣ ਲਿਐ।

ਚੇਲਾ: ਇਹ ਕੌਣ ਨੇ?

ਮਹਾਤਮਾ: ਪਿਛਲੇ ਜਨਮ ਵਿੱਚ ਇਹ ਸਾਰੇ ਜੰਗਲੀ ਜਾਨਵਰ ਸਨ। ਜੰਗਲ ਕੱਟੇ ਗਏ, ਜਾਨਵਰ ਮਾਰੇ ਗਏ ਅਤੇ ਉਹ ਮਾਰੇ ਗਏ ਜਾਨਵਰਾਂ ਦੀ ਰੂਹਾਂ ਨੂੰ ਆਦਮਜਾਤ ਦੇ ਸਰੀਰ ਮਿਲ ਗਏ। ਇਹ ਲੋਕ ਬੇਸ਼ੱਕ ਆਦਮੀ ਬਣ ਗਏ ਪਰ ਜੰਗਲਾਂ ਵਿੱਚ ਦੌੜਣ, ਭੱਜਣ, ਨੱਚਣ,ਦੀ ਪੁਰਾਣੀ ਆਦਤ ਨੂੰ ਭੁੱਲ ਨਹੀਂ ਸਕੇ ਪਰ ਮੈਂ ਹੈਰਾਨ ਹਾਂ ਅੱਜ ਦੇ ਮਹਾਤਮਾ ਸੱਚੀ ਸੱਚੀ ਗੱਲ ਕਹਿਣ ਵਾਲੇ ਲੇਖਕ ਨੂੰ ਤਾਂ ਬਰਾਦਰੀ ਵਿੱਚੋਂ ਛੇਕਣ ਵਾਸਤੇ ਆਦੇਸ਼ ਪੱਤਰ ਜਾਰੀ ਕਰ ਦਿੰਦੇ ਨੇ ਪਰ ਉਹ ਇਨ੍ਹਾਂ ਲੱਚਰ ਗਾਇਕੀ ਗਾਉਣ ਵਾਲਿਆਂ ਵਿਰੁੱਧ ਕਾਰਵਾਈ ਕਿਉਂ ਨਹੀਂ ਕਰਦੇ।

ਚੇਲਾ: ਉਹ ਕਾਰਵਾਈ ਕਰ ਵੀ ਲੈਣ। ਇਨ੍ਹਾਂ ਗਾਉਣ ਵਾਲਿਆਂ ਨੇ ਉਨ੍ਹਾਂ ਦੇ ਆਦੇਸ਼ ਪੱਤਰ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦੇਣੈਂ। ਤੁਸੀਂ ਇਨ੍ਹਾਂ ਨੂੰ ਛੱਡੋ ਤੇ ਵੇਖੋ ਅੱਜ ਦੇ ਮਹਾਤਮਾ ਦੇ

ਮੰਚ ਵੱਲ (ਸਟੇਜ ਨੰ: 2 ਵੱਲ ਵੇਖਦੇ ਹਨ)

ਮਹਾਤਮਾ: ਇਹ ਕੀ ਹੋ ਰਿਹੈ?

ਚੇਲਾ: ਦੋਵੇਂ ਭਾਰੇ ਸਰੀਰਾਂ ਵਾਲੇ ਵਰਜਿਸ਼ ਕਰ ਰਹੇ ਨੇ। ਜੇ ਇਹ ਵਰਜਿਸ਼ ਨਾ ਕਰਨ ਤਾਂ ਇਨ੍ਹਾਂ ਨੂੰ ਭੁੱਖ ਨਹੀਂ ਲੱਗਦੀ।

ਮਹਾਤਮਾ: ਇਹ ਤਾਂ ਇੱਕ ਦੂਸਰੇ ਨੂੰ ਠਿੱਬੀ ਲਾ ਰਹੇ ਨੇ, ਇਹ ਤਾਂ ਲੜਾਈ ਕਰ ਰਹੇ ਜਾਪਦੇ ਨੇ।

ਚੇਲਾ: ਇੱਥੇ ਰੋਜ਼ ਲੜਾਈ ਹੁੰਦੀ ਏ, ਸਤਾ ਦੀ ਲੜਾਈ। ਇਨ੍ਹਾਂ ਦੀ ਲੜਾਈ ਆਏ ਦਿਨ ਨਵੇਂ ਹੀ ਚੰਨ ਚਾੜ੍ਹਦੀ ਏ। ( ਰੋਸ਼ਨੀ ਸਟੇਜ ਨੰ: 2 ਤੇ ਪੈਂਦੀ ਹੈ, ਦੋ ਮਹਾਤਮਾ ਲੜ ਰਹੇ ਹਨ)

ਅੱਜ ਦਾ ਮਹਾਤਮਾ: ਮੈਂ ਸਰਵ ਉੱਚ ਮੰਚ ਤੇ ਹਾਂ। ਇਸ ਮੰਚ ਤੋਂ ਜੋ ਵੀ ਫੁਰਮਾਨ ਜਾਰੀ ਹੋਵੇਗਾ, ਉਸਤੇ ਕੋਈ ਕਿੰਤੂ ਪਰੰਤੂ ਕਰ ਹੀ ਨਹੀ ਸਕਦਾ। ਬਾਕੀ ਸਾਰੇ ਮੰਚ ਇਸ ਮੰਚ ਤੋਂ ਨੀਵੇਂ ਨੇ।

ਇੱਕ: ਹਾਂ, ਇਸ ਮੰਚ ਤੋਂ ਰੱਬੀ ਆਦੇਸ਼ ਜਾਰੀ ਹੁੰਦੇ ਨੇ।

ਦੂਜਾ ਮਹਾਤਮਾ: ਅਸੀਂ ਰੱਬ ਦੇ ਸੱਚੇ ਮਹਾਤਮਾਂ ਹਾਂ। ਮੇਰਾ ਮੰਚ ਕਿਸੇ ਮੰਚ ਤੋਂ ਘੱਟ ਨਹੀਂ ਪਰ ਇਸ ਅੱਜ ਦੇ ਅਖੌਤੀ ਮਹਾਤਮਾ ਨੇ ਇਸ ਮੰਚ ਨੂੰ ਨਿੱਜੀ ਕਿੜ੍ਹਾਂ ਕੱਢਣ ਦਾ ਅੱਡਾ ਬਣਾ ਲਿਐ ਤੇ ਮੰਚ ਦੀ ਮਹੱਤਤਾ ਨੂੰ ਮਿੱਟੀ ਵਿੱਚ ਮਿਲਾ ਦਿੱਤੈ।

ਦੋ: ਹਾਂ, ਇਹ ਮੰਚ ਦੀ ਪਰੰਪਰਾ ਦੀ ਘੋਰ ਅਵੱਗਿਆ ਏ।

ਇੱਕ (ਦੋ ਨੂੰ): ਤੂੰ ਦੂਜੇ ਮਹਾਤਮਾ ਤੋਂ ਇਸ ਮੰਚ ਨੂੰ ਨੀਵਾਂ ਵਿਖਾ ਕੇ ਆਪਣਾ ਰਾਹ ਪੱਧਰਾ ਕਰ ਰਿਹੈਂ।

ਦੋ (ਇੱਕ ਨੂੰ): ਤੂੰ ਇਸ ਮੰਚ ਨੂੰ ਆਪਣੇ ਸਵਾਰਥਾਂ ਲਈ ਵਰਤ ਕੇ ਹਾਕਮ ਬਣਨਾਂ ਚਾਹੁੰਦਾ ਏਂ।

ਇੱਕ: ਤੂੰ ਸਤਾ ਹਾਸਲ ਕਰਨ ਲਈ ਕੁੱਝ ਵੀ ਕਰ ਸਕਦੈਂ।

ਦੋ: ਤੂੰ ਹਾਕਮ ਬਣਨ ਲਈ ਕਮੀਨੇ ਤੋਂ ਕਮੀਨਾ ਹਥਿਆਰ ਚਲਾ ਸਕਦੈਂ।

ਇੱਕ: ਤੂੰ ਦੂਜੇ ਮਹਾਤਮਾ ਨੂੰ ਹਥਿਆਰ ਬਣਾ ਕੇ ਵਰਤ ਰਿਹੈਂ।

ਦੋ: ਤੂੰ ਇਸ ਮੰਚ ਨੂੰ ਢਾਲ ਬਣਾ ਕੇ ਵਰਤ ਰਿਹੈਂ।

ਇੱਕ: ਤੂੰ ਲੋਕਾਂ ਨੂੰ ਮੂਰਖ ਬਣਾ ਰਿਹੈਂ।

ਦੋ: ਤੂੰ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਰਿਹੈਂ।

ਇੱਕ: ਪਰ ਐਤਕਾਂ ਲੋਕ ਤੇਰੀ ਗੱਲ ਵਿੱਚ ਨਹੀਂ ਆਉਣਗੇ।

ਦੋ: ਤੈਨੂੰ ਲੋਕ ਮੂੰਹ ਨਹੀਂ ਲਾਉਣਗੇ।

ਇੱਕ: ਤੂੰ ਦਿਲੋਂ ਨਾਸਤਿਕ ਏਂ ਪਰ ਇਹ ਵਰਦੀ ਪਾ ਕੇ ਭਰਮ ਭੁਲੇਖੇ ਪੈਦਾ ਕਰ ਰਿਹੈਂ ਪਰ ਲੋਕ ਤੇਰੀ ਇਸ ਵਰਦੀ ਨੂੰ ਲਾਹ ਸੁੱਟਣਗੇ।

ਦੋ: ਤੂੰ ਸਮੇਂ ਸਮੇਂ ਤੇ ਵਰਦੀ ਬਦਲਦਾ ਰਿਹੈਂ। ਉੱਪਰੋਂ ਭੋਲਾ ਵਿੱਚੋਂ ਬਿੱਛੂ।

ਇੱਕ: ਤੂੰ ਰੋਜ਼ ਸ਼ਰਾਬ ਪੀਂਦਾ ਏਂ।



ਦੋ: ਤੂੰ ਰੋਜ ਕਿਰਤੀਆਂ ਦਾ ਖ਼ੂਨ ਪੀਂਦਾ ਏਂ।

ਇੱਕ: ਮੈਂ ਅੱਜ ਦੇ ਮਹਾਤਮਾ ਦਾ ਸਭ ਤੋਂ ਵੱਡਾ ਭਗਤ ਆਂ। ਜੋ ਆਦੇਸ਼ ਦੇਣਗੇ, ਉਹਦੇ ਤੇ ਫੁੱਲ ਚੜ੍ਹਾਵਾਂਗਾ।

ਦੋ: ਮੈਂ ਦੂਜੇ ਮਹਾਤਮਾ ਦਾ ਸੱਚਾ ਸੇਵਕ ਆਂ। ਜੇ ਉਹ ਮੇਰਾ ਸਿਰ ਵੀ ਮੰਗਣ ਤਾਂ ਸਿਰ ਕੁਰਬਾਨ ਕਰ ਦਿਆਂਗਾ। (ਰੌਲਾ ਰੱਪਾ ਹੋਰ ਤੇਜ਼ ਹੋ ਜਾਂਦਾ ਹੈ)

ਇੱਕ: ਮੇਰਾ ਮਹਾਤਮਾ ਵੱਡਾ ਏ।

ਦੋ: ਮੇਰਾ ਮਹਾਤਮਾ ਬਹੁਤ ਪਹੁੰਚਿਆ ਹੋਇਐ।

ਇੱਕ: ਮੇਰਾ ਮਹਾਤਮਾ ਜਿਧਰ ਮੁੱਖ ਕਰਦੈ, ਹਵਾ ਦਾ ਰੁੱਖ ਨਾਲ ਹੀ ਮੋੜ ਲੈਂਦੈ।

ਦੋ: ਮੇਰਾ ਮਹਾਤਮਾ ਜਿਧਰ ਜਾਂਦੈ, ਲਹਿਰਾਂ ਬਹਿਰਾਂ ਲੱਗ ਜਾਂਦੀਆਂ ਨੇ।

ਇੱਕ: ਤੂੰ ਲੋਕਾਂ ਨੂੰ ਗੁੰਮਰਾਹ ਕਰ ਰਿਹੈਂ। ਮੇਰਾ ਮਹਾਤਮਾ ਉੱਚਾ ਤੇ ਸੁੱਚਾ ਏ, ਇਸ ਲਈ ਲੋਕਾਂ ਉੱਪਰ ਰਾਜ ਕਰਨ ਦਾ ਅਧਿਕਾਰ ਸਿਰਫ ਮੇਰਾ ਏ।

ਦੋ: ਤੇਰਾ ਮਹਾਤਮਾ ਉਪਰੋਂ ਵੇਖਣ ਨੂੰ ਸੁੱਚਾ ਏ ਪਰ ਅੰਦਰੋਂ ਨਿਰਾ ਈ ਲੁੱਚਾ ਏ ਪਰ ਮੇਰਾ ਮਹਾਤਮਾ ਅੰਦਰੋਂ ਬਾਹਰੋਂ ਇੱਕ ਏ। ਇਸ ਲਈ ਲੋਕਾਂ ਉੱਪਰ ਰਾਜ ਕਰਨ ਦਾ ਅਧਿਕਾਰ ਸਿਰਫ ਤੇ ਸਿਰਫ ਮੇਰਾ ਈ ਏ।

ਇੱਕ: ਲੋਕੋ! ਇਹ ਬੰਦਾ ਦੇਸ਼ ਧਰੋਹੀ ਏ। ਜੇ ਇਹਨੂੰ ਤਖ਼ਤ ਤੇ ਬਿਠਾ ਦਿੱਤਾ ਤਾਂ ਇਹ ਦੇਸ਼ ਨੂੰ ਗਹਿਣੇ ਪਾ ਦੇਵੇਗਾ।

ਦੋ: ਇਹ ਬੰਦਾ ਚੌਵੀ ਘੰਟਾ ਮਣ ਮਣ ਦੀ ਗੱਪ ਛੱਡਦਾ ਏ, ਕੁਫਰ ਤੋਲਦਾ ਏ। ਰੱਬ ਨਾ ਕਰੇ ਜੇ ਇਹਦਾ ਰਾਜ ਆ ਗਿਆ ਤਾਂ ਲੋਕ ਕੰਗਾਲ ਹੋ ਜਾਣਗੇ, ਦੇਸ ਵਿੱਚ ਕਾਲ ਪੈ ਜਾਵੇਗਾ। ਲੋਕਾਂ ਕੋਲ ਪਹਿਨਣ ਲਈ ਕਪੜੇ ਨਹੀਂ ਹੋਣਗੇ। ਫਿਰ ਲੁੱਚੇ ਲਫੰਗੇ ਰਾਜ ਕਰਨਗੇ, ਧਰਮ ਦਾ ਨਾਸ ਹੋਵੇਗਾ ਤੇ ਲੋਕਾਂ ਦਾ ਸਰਵਨਾਸ਼।

ਇੱਕ: ਇਹ ਬੰਦਾ ਤਾਕਤ ਵਿੱਚ ਆ ਗਿਆ ਤਾਂ ਫਿਰਕੂ ਅੱਗ ਲੱਗ ਜਾਵੇਗੀ। ਸਾਰ ਧਰਮੀ ਲੋਕ ਫਿਰਕੂ ਅੱਗ ਵਿੱਚ ਸਾੜ ਦਿੱਤੇ ਜਾਣਗੇ।

ਦੋ: ਇਹ ਬੰਦਾ ਭਰਾਵਾਂ ਦੀਆਂ ਟੱਕਰਾਂ ਲਵਾਉਂਦਾ ਏ ਤੇ ਆਪ ਰੱਜ ਕੇ ਰੋਟੀ ਖਾਂਦੈ। ਮੇਰੇ ਮਹਾਤਮਾ ਦੇ ਭਗਤੋ! ਫੜ ਲਉ ਇਸਖੰਦੇ ਨੂੰ, ਬਚ ਕੇ ਸੁੱਕਾ ਨਾ ਜਾਏ।

ਇੱਕ: ਮੇਰੇ ਮਹਾਤਮਾ ਦੇ ਭਗਤੋ! ਇਹ ਘੜੀ ਤੁਹਾਡੇ ਲਈ ਪਰਖ ਦੀ ਘੜੀ ਏ। ਇੱਟ ਦਾ ਜਵਾਬ ਪੱਥਰ ਨਾਲ ਦਿਓ। (ਰੌਲਾ ਹੋਰ ਵੀ ਤੇਜ਼ ਹੋ ਜਾਂਦਾ ਹੈ ਤੇ ਰੋਸ਼ਨੀ ਵਿਚਕਾਰਲੀ ਸਟੇਜ ਤੇ

ਪੈਂਦੀ ਹੈ)

ਮਹਾਤਮਾ: (ਉਦਾਸੀ ਵਿੱਚ) ਮੈਂ ਇਹ ਕੀ ਵੇਖ ਰਿਹਾਂ?

ਚੇਲਾ: ਅੱਜ ਦਾ ਸੱਚ।

(ਸਟੇਜ ਨੰ: 2 ਤੋਂ ਅਵਾਜ਼ਾਂ ਆ ਰਹੀਆਂ ਹਨ-ਮਾਰ ਦਿਓ ਨਾਸਤਕਾਂ ਨੂੰ, ਛੱਡਣਾਂ ਨਹੀਂ ਨਾਸਤਕਾਂ ਨੂੰ। ਬੰਬਾਂ ਦੀਆਂ ਆਵਾਜ਼ਾਂ ਤੇ ਰੋਣ ਕੁਰਲਾਉਣ ਦੀਆਂ ਆਵਾਜ਼ਾਂ ਸਮੁੱਚੇ ਮਾਹੌਲ ਨੂੰ ਸਹਿਮ ਭਰਿਆ ਬਣਾ ਦਿੰਦੀਆਂ ਹਨ)

ਮਹਾਤਮਾ: ਇਹ ਤਾਂ ਭਰਾ ਮਾਰੂ ਜੰਗ ਲੱਗ ਗਈ ਏ।

ਚੇਲਾ: ਉਹ ਵੇਖੋ ਅੱਗ, ਲਾਟਾਂ ਉੱਪਰ ਵੱਲ ਜਾ ਰਹੀਆਂ ਨੇ। ਲੋਕ ਬਚਾਓ ਬਚਾਓ ਕਰ ਰਹੇ ਨੇ। ਦੋਵੇਂ ਮਹਾਤਮਾ ਤੇ ਉਨ੍ਹਾਂ ਦੇ ਦੋਵੇਂ ਪੱਕੇ ਸ਼ਰਧਾਲੂ ਦੌੜ ਗਏ ਨੇ। ਇਹ ਸਭ ਕੁੱਝ ਤੁਹਾਡੇ ਵੱਲੋਂ ਸਥਾਪਤ ਕੀਤੇ ਮੰਚ ਤੇ ਹੋ ਰਿਹੈ।

ਮਹਾਤਮਾ: ਮੇਰਾ ਮੰਚ ਸ਼ਾਂਤੀ, ਸਬਰ, ਵਿਸ਼ਾਲਤਾ ਤੇ ਨੈਤਿਕਤਾ ਦਾ ਪ੍ਰਤੀਕ ਸੀ ਪਰ ਇੱਥੇ ਸਭ ਉਲਟਾ ਪੁਲਟਾ ਹੋ ਰਿਹੈ। ਹਵਾ ਹੋਰ ਵ੍ਹੀ ਜ਼ਹਿਰੀਲੀ ਹੋ ਗਈ ਏ, ਸੰਗੀਤਕ ਧੁੰਨਾਂ ਹੋਰ ਵੀ ਉਦਾਸ ਹੋ ਗਈਆਂ ਨੇ। ਉਫ! ਇੱਥੇ ਤਾਂ ਸਾਹ ਲੈਣਾ ਵੀ ਮੁਸ਼ਕਲ ਹੋ ਰਿਹੈ। ਹੁਣ ਇੱਥੇ ਹੋਰ ਠਹਿਰਨਾ ਕਠਿਨ ਏ.....

ਪਿਛੋਂ ਗੀਤ ਦੀ ਅਵਾਜ਼: ਉਦਾਸ ਮੇਰਾ ਗੀਤ ਹੈ, ਉਦਾਸ ਮੇਰਾ ਸੰਗੀਤ ਹੈ।
ਉਦਾਸ ਮੇਰੀ ਸ਼ਾਮ ਹੈ, ਉਦਾਸ ਮੇਰਾ ਨਾਮ ਹੈ।

(ਹਨ੍ਹੇਰਾ ਹੋ ਜਾਂਦਾ ਹੈ)



# ਜਬੈ ਬਾਣ ਲਾਗਿਯੋ

## ਪਾਤਰ

ਚਰਨਦਾਸ: ਇੱਕ ਹਿੰਦੂ ਨੌਜਵਾਨ ਜੋ ਬਾਅਦ ਵਿੱਚ ਸਿੱਖ ਬਣ ਜਾਂਦਾ ਹੈ।

ਉਮਰ: ਲੱਗਭੱਗ 20 ਸਾਲ

ਲੱਛਮੀ: ਚਰਨਦਾਸ ਦੀ ਮਾਂ, ਉਮਰ 48 ਸਾਲ

ਸੁਰਜਨ: ਚਰਨਦਾਸ ਦਾ ਪਿਤਾ, ਉਮਰ 50 ਸਾਲ

ਮੁਕੱਦਮ: ਉਮਰ 55 ਸਾਲ

ਇਕਬਾਲ: ਦੋ ਮੁਗਲ ਸਿਪਾਹੀ, ਹਰੇਕ ਦੀ ਉਮਰ ਲੱਗਭੱਗ 25 ਸਾਲ

ਜਲਾਲ:

ਧਰਤੀ ਮਾਂ

1

2

ਪਾਗਲ

## ਜਥੈ ਬਾਣ ਲਾਗਿਯੋ

ਸਥਾਨ: ਇੱਕ ਨਗਰ ਦਾ ਚੁਰਾਹਾ।

(ਜਦ ਰੋਸ਼ਨੀ ਹੁੰਦੀ ਹੈ ਤਾਂ ਇੱਕ ਮੁਗਲ ਸਿਪਾਹੀ ਤਲਵਾਰ ਨਾਲ ਇੱਕ ਰੇਖਾ ਖਿੱਚ ਰਿਹਾ ਹੁੰਦਾ ਹੈ ਜਿਸ ਉੱਪਰ ਕੁੱਝ ਆਦਮੀ ਹੌਲੀ ਹੌਲੀ ਥੱਕੇ ਥੱਕੇ ਨਜ਼ਰ ਆਉਂਦੇ, ਚਲਦੇ ਹਨ। ਇੱਕ ਹੋਰ ਮੁਗਲ ਸਿਪਾਹੀ ਉਨ੍ਹਾਂ ਦੇ ਪਿਛੇ ਹੋ ਕੇ ਉਨ੍ਹਾਂ ਨੂੰ ਤੋਰ ਰਿਹਾ ਹੁੰਦਾ ਹੈ। ਫਿਰ ਦੋਵੇਂ ਸਿਪਾਹੀ ਖੁਸ਼ੀ ਸਾਂਝੀ ਕਰਦੇ ਹੱਥ ਮਿਲਾਉਂਦੇ ਹਨ ਅਤੇ ਮੂਕ ਅਭਿਨੈ ਰਾਹੀਂ ਕੁੱਝ ਗੱਲਾਂ ਕਰਦੇ ਹੋਏ ਚਲੇ ਜਾਂਦੇ ਹਨ। ਮੰਚ ਉੱਪਰ ਫਟੇ ਕੱਪੜਿਆਂ ਵਿੱਚ ਇੱਕ ਪਾਗਲ ਆਉਂਦਾ ਹੈ)

ਪਾਗਲ: ਓ ਸੁਹਗੀ ਦਿਓ! ਸਾਰੇ ਈ ਮਰ ਗਏ ਹੋ। ਕੋਈ ਨਹੀਂ ਜੀਂਦਾ, ਤੁਰਦੀਆਂ ਫਿਰਦੀਆਂ ਲਾਸ਼ਾਂ। ਉਏ ਉੱਲੂ ਦੇ ਚਰਖੇ, ਮੈਨੂੰ ਕਹਿੰਦੇ ਨੇ ਇਹ ਪਾਗਲ ਏ। ਤੁਹਾਡੀਆਂ ਅੱਖਾਂ ਵਿੱਚ ਫੋਲੇ ਪੈ ਗਏ ਨੇ ਓ ਭੈਂਗਿਓ! (ਨੰ. 1 ਆਉਂਦਾ ਹੈ) (ਨੰ: 1 ਨੂੰ) ਓ ਅਕਲਮੰਦਾ! ਅੱਜ ਦੀ ਕੋਈ ਨਵੀਂ ਤਾਜੀ ਸੁਣਾ। (ਨੰ. 1 ਚੁੱਪ ਰਹਿੰਦਾ ਹੈ) ਤੇਰੇ ਕੰਨ ਕੰਮ ਨਹੀਂ ਕਰਦੇ? ਕੂਚੀ ਫੇਰਿਆ ਕਰ। ਪਰ ਮੇਰੇ ਕੰਨ ਕੰਮ ਨੇ। (ਉੱਚੀ ਆਵਾਜ਼ ਵਿੱਚ) ਉਏ ਤੈਨੂੰ ਪਤੈ ਕੁੱਝ?

ਨੰ. 1: (ਹੌਲੀ ਜਿਹੀ ਆਵਾਜ਼ ਵਿੱਚ) ਕਾਹਦਾ?

ਪਾਗਲ: ਨਗਰ ਵਿੱਚ ਇੱਕ ਬੰਦਾ ਮਿਆਂਕਦਾ ਪਿਆ ਸੀ।

ਨੰ.1: ਤੂੰ ਚੁੱਪ ਰਹਿ, ਬੋਲੀ ਨਾ ( ਨੰ. 1 ਜਾਂਦਾ ਹੈ)

ਪਾਗਲ: ਲਗਦੈ ਇਹਦੀ ਵੀ ਮਾਂ ਮਰ ਗਈ ਏ ਪਰ ਮੇਰੀ ਮਾਂ ਜੀਂਦੀ ਏ (ਸਿਰ ਵੱਲ ਇਸ਼ਾਰਾ ਕਰਕੇ) ਇੱਥੇ ਰਹਿੰਦੀ ਏ। ਮੈਂ ਪਾਗਲ ਈ ਠੀਕ ਆਂ। ਮੇਰੇ ਵਿੱਚ ਚਾਨਣ ਏ, ਜਿਹੜਾ ਤੁਹਾਡੀਆਂ ਅੰਨੀਆਂ ਅੱਖਾਂ ਨੂੰ ਨਜ਼ਰ ਨਹੀਂ ਆਉਂਦਾ। ਕੀ ਥੁੜਿਆ ਸੀ ਤੁਹਾਡੇ ਜੰਮਣ ਤੋਂ ਸੂਰਬੀਰੋ! ਕਿਸੇ ਦਰਖਤ ਦਾ ਪਤਾ ਹਿਲਣ ਲੱਗ ਜਾਏ ਤਾਂ ਤੁਹਾਨੂੰ ਕਾਂਬਾ ਛਿੜ ਪੈਂਦੈ। (ਨੰ. 2 ਆਉਂਦਾ ਹੈ), (ਨੰ. 2 ਨੂੰ) ਓ ਰਾਂਝਿਆ! ਕਹਿੰਦੇ ਨੇ ਅੱਜ.ਬਜ਼ਾਰ ਵਿੱਚ ਕਿਸੇ ਦਾ ਜਲੂਸ ਨਿਕਲ ਗਿਐ?

ਨੰ. 2: ਛੀ....ਛੀ....

ਪਾਗਲ: ਮੂੰਹ ਖੋਹਲ ਕੇ ਕੁੱਝ ਬੋਲ। ਪਰ ਤੇਰੇ ਮੂੰਹ ਤੇ ਤਾਂ ਜੰਦਰਾ ਈ ਲੱਗ ਗਿਐ। ਕੱਢਾਂ ਚਾਬੀ? ਖੋਹਲ ਦਿਆਂ ਜੰਦਰਾ??

ਨੰ.2: ਛੀ.....ਛੀ.....ਛੀ...

ਪਾਗਲ: ਕਹਿੰਦੈ ਰਹਿਣ ਦੇ ਲਟਕਿਆ। ਇਵੇਂ ਟੋਹਰ ਬੜੀ ਬਣਦੀ ਏ (ਨੰ.2 ਜਾਂਦਾ ਹੈ) ਇਹ ਸੁੱਤਾ ਜਾਪਦੈ, ਤੁਸੀ ਸਭ ਸੁੱਤੇ ਹੋ ਕੁੰਭ ਕਰਨੋ! ਉਲਟਾ ਮੈਨੂੰ ਪਾਗਲ ਕਹਿੰਦੇ ਨੇ। ਮੈਂ ਤੁਹਾਡੇ ਵਾਰ ਵਾਰ ਚੁਪੇੜਾਂ ਮਾਰੀਆਂ, ਠਾਹ ਠਾਹ ਕਰਦੀਆਂ ਚਪੇੜਾਂ ਮਾਰੀਆਂ ਕਿ ਤੁਸੀਂ ਪੁੱਛੋਗੇ-ਚਪੇੜ ਕਿਉਂ ਮਾਰੀ? ਪਰ ਤੁਸੀਂ (ਹੱਸਦਾ ਹੈ) ਪੁੱਛਿਆ ਈ ਨਾ। ਚਪੇੜਾਂ ਖਾਂਦੇ ਰਹੇ,ਖਾਂਦੇ ਰਹੇ ਤੇ ਖਾ ਰਹੇ ਹੋ ਪਰ ਮੈਂ ਠਾਹ ਠਾਹ ਕਰਦਾ ਹੋਕਾ ਦਿੰਦਾ ਰਹਾਂਗਾ-ਜਾਗੋ-ਜਾਗੋ (ਚਲਾ ਜਾਂਦਾ ਹੈ)

(ਕੁੱਝ ਬੰਦੇ ਮੰਚ ਤੇ ਦੌੜਦੇ ਵਿਖਾਈ ਦਿੰਦੇ ਹਨ, ਉਨ੍ਹਾਂ ਪਿੱਛੇ ਇੱਕ ਮੁਗਲ ਸਿਪਾਹੀ ਹੈ, ਇੱਕ ਹਿੰਦੂ ਨੌਜਵਾਨ ਚਰਨ ਦਾਸ ਸਿਪਾਹੀ ਨੂੰ ਵੇਖ ਕੇ ਇੱਕ ਪਾਸੇ ਲੁੱਕ ਜਾਂਦਾ ਹੈ)

ਗੀਤ ਦੀ ਆਵਾਜ਼: ਰੋਜ਼ ਇਹ ਗੱਲਾਂ ਚਲਦੀਆਂ, ਰੋਜ਼ ਇਹ ਚਲਣ ਸਲੋਕ।
ਇਹ ਹੈ ਮੇਰੀ ਨਗਰੀ ਤੇ ਇਹ ਨੇ ਮੇਰੇ ਲੋਕ।

ਚਰਨਦਾਸ: (ਉਠਦਾ ਹੋਇਆ ਡਰੀ ਹੋਈ ਆਵਾਜ਼ ਵਿੱਚ) ਪਤਾ ਨਹੀਂ ਉਹ ਲੋਕ ਕਿਉਂ ਦੌੜੇ ਜਾ ਰਹੇ ਸਨ ਤੇ ਪਤਾ ਨਹੀਂ ਉਹ ਸਿਪਾਹੀ ਉਨ੍ਹਾਂ ਦਾ ਪਿੱਛਾ ਕਿਉਂ ਕਰਦਾ ਪਿਆ ਸੀ। (ਚੀਖ ਸੁਣਾਈ ਦਿੰਦੀ ਹੈ) ਇਹ ਚੀਖ ਕਿਸ ਦੀ ਹੋ ਸਕਦੀ ਏ? ਜ਼ਰੂਰ ਕੋਈ ਮੁਸੀਬਤ ਵਿੱਚ ਹੋਵੇਗਾ। ਜ਼ਰੂਰ ਕਿਸੇ ਤੇ ਖਤਰੇ ਦੀ ਘੰਟੀ ਵੱਜੀ ਹੋਵੇਗੀ। (ਚੀਖ ਪਹਿਲਾਂ ਤੋਂ ਵੀ ਉੱਚੀ ਸੁਣਾਈ ਦਿੰਦੀ ਹੈ) ਕੌਣ ਏ ਚੀਖਣ ਵਾਲਾ? ਜਰਾ ਸਾਹਮਣੇ ਤਾਂ ਆ

(ਭੈਭੀਤ ਹੋਇਆ ਆਸੇ ਪਾਸੇ ਵੇਖਦਾ ਹੈ ਇੱਕ ਪਾਸੇ ਰੋਸ਼ਨੀ ਹੁੰਦੀ ਹੈ ਤੇ ਧਰਤੀ ਮਾਤਾ ਵਿਖਾਈ ਦਿੰਦੀ ਹੈ)



ਧਰਤੀ ਮਾਤਾ: ਮੈਂ ਤੇਰੇ ਸਾਹਮਣੇ ਆ ਬੱਚਾ।

ਚਰਨਦਾਸ: ਤੂੰ ਕੌਣ ਏਂ?

ਧਰਤੀ ਮਾਤਾ: ਮੈਂ ਇਸ ਨਗਰ ਦੀ ਧਰਤੀ ਮਾਤਾ ਹਾਂ।

ਚਰਨਦਾਸ: ਧਰਤੀ ਮਾਂ! ਮੇਰਾ ਪ੍ਣਾਮ ਸਵੀਕਾਰ ਕਰਨਾ।

ਧਰਤੀ ਮਾਤਾ: ਗਿੱਦੜ ਤੋਂ ਸ਼ੇਰ ਬਣੇਂ ਬੱਚਾ!

ਚਰਨ ਦਾਸ: (ਹੈਰਾਨੀ ਵਿੱਚ) ਇਹ ਕੀ?

ਧਰਤੀ ਮਾਤਾ: ਇਹ ਮੇਰਾ ਅਸ਼ੀਰਵਾਦ ਏ।

ਚਰਨ ਦਾਸ: ਇਹ ਕਿਹੋ ਜਿਹਾ ਅਸ਼ੀਰਵਾਦ ਏ ਧਰਤੀ ਮਾਂ?

ਧਰਤੀ ਮਾਤਾ: ਇਹੋ ਜਿਹਾ ਅਸ਼ਰੀਵਾਦ ਦੇਣਾ ਸਮੇਂ ਦੀ ਲੋੜ ਏ। ਜਦ ਚਾਰੇ ਪਾਸੇ ਗਿੱਦੜਾਂ ਦੀ ਭਰਮਾਰ ਹੋਵੇ ਤਾਂ ਸਭ ਤੋਂ ਢੁੱਕਵਾ ਅਸ਼ੀਰਵਾਦ ਇਹੋ ਹੋ ਸਕਦੈ ਬੱਚਾ। ਤੂੰ ਨਹੀਂ ਜਾਣਦਾ, ਮੈਂ ਕਿੰਨੀ ਦੁੱਖੀ ਆਂ।

ਚਰਨ ਦਾਸ: ਤੂੰ ਦੁੱਖੀ ਕਿਉਂ ਏ ਧਰਤੀ ਮਾਂ?

ਧਰਤੀ ਮਾਤਾ: ਮੇਰੀ ਹਿੱਕ ਉੱਪਰ ਕੀ ਕੀ ਨਹੀਂ ਹੋਇਆ। ਮੇਰੀ ਹਿੱਕ ਉੱਪਰ ਮਜ਼ਦੂਰਾਂ ਦੀ ਕਮਾਈ ਲੁੱਟ ਕੇ ਉਹਦੇ ਯੱਗ ਲਗਾਏ ਜਾਂਦੇ ਰਹੇ। ਮੇਰੀ ਹਿੱਕ ਉੱਪਰ ਔਰਤਾਂ ਨੂੰ ਜਬਰੀ ਚੁੱਕ ਕੇ ਵੇਚਿਆ ਗਿਆ ਉਹ ਸਹਾਇਤਾ ਲਈ ਚੀਖਦੀਆਂ ਰਹੀਆਂ...

ਆਵਾਜ਼: ਬਚਾਓ, ਕੋਈ ਤਾਂ ਬਚਾਓ। ਕੋਈ ਹੈ ਜੋ ਮੈਨੂੰ ਇਨ੍ਹਾਂ ਜਾਬਰਾਂ ਤੋਂ ਬਚਾਏ? ਕੋਈ ਹੈ? ਕੋਈ ਵੀ ਨਹੀਂ ...ਮੇਰੇ ਤੇ ਰਹਿਮ ਕਰੋ, ਮੈਂ ਰਹਿਮ ਦੀ ਭੀਖ ਮੰਗਦੀ ਆਂ।

ਚਰਨ ਦਾਸ: (ਕੰਬਦੀ ਆਵਾਜ਼ ਵਿੱਚ) ਇਹ ਵਾਜ....ਕਿਹਦੀ ਸੀ ਧਰਤੀ ਮਾਂ? ਮੈਨੂੰ......ਡਰ ਲੱਗ ਰਿਹੈ....ਵਾਜਾਂ ਸੁਣ ਕੇ।

ਧਰਤੀ ਮਾਤਾ: ਦਰਦ ਭਰੀ ਇੱਕ ਆਵਾਜ਼ ਸੁਣ ਕੇ ਹੀ ਡਰ ਗਿਐਂ? ਮੈਂ ਕਿੰਨੀਆਂ ਆਵਾਜ਼ਾਂ ਸੁਣੀਆਂ....ਵੱਖ ਵੱਖ ਤਰ੍ਹਾਂ ਦੀਆਂ ਆਵਾਜ਼ਾਂ.....ਉੱਚੀਆਂ ਤੇਜ਼ ਤੇ.....ਤਰਲੇ ਭਰੀਆਂ ਆਵਾਜ਼ਾਂ। ਆਹ ਵੇਖ! ਮੇਰੀ ਹਿੱਕ ਦਾ ਰੰਗ....

ਚਰਨ ਦਾਸ: ਇਹ ਰੰਗ ਲਾਲ ਕਿਉਂ ਏ?

ਧਰਤੀ ਮਾਤਾ: ਕਿੰਨਾ ਖੂਨ ਡੁਲਿਐ ਮੇਰੀ ਹਿੱਕ ਉੱਤੇ ਗਰੀਬਾਂ ਦਾ, ਨਿਆਸਰਿਆਂ ਦਾ। ਕਿਸੇ ਨੇ ਕਿਸੇ ਦੀ ਕੋਈ ਫਰਿਆਦ ਨਾ ਸੁਣੀ। ਸ਼ਿਕਾਰੀਆਂ ਨੇ ਸ਼ਿਕਾਰ ਜਾਰੀ ਰੱਖਿਆ। ਸਦੀਆਂ ਤੋਂ ਇਹੋ ਸ਼ਿਕਾਰ ਹੁੰਦਾ ਆ ਰਿਹੈ। ਜਾਬਰ ਲੋਕ ਪਾਪ ਕਮਾਉਂਦੇ ਰਹੇ, ਫਿਰ ਮਸੂਮਾਂ ਦੀਆਂ ਚੀਖਾਂ, ਪੁਕਾਰਾਂ,ਲੁੱਟ।

ਗੀਤ ਦੀ ਆਵਾਜ਼: ਪਾਪ ਕੀ ਜੰਞ ਲੈ ਕਾਬਲੋਂ ਧਾਇਆ, ਜੋਰੀਂ ਮੰਗੇ ਦਾਨ।
ਸ਼ਰਮ ਧਰਮ ਦੁਇ ਛੁੱਪ ਖਲੋਤੇ, ਕੂੜ ਫਿਰੇ ਪ੍ਧਾਨ।

ਚਰਨ ਦਾਸ: ਧਰਤੀ ਮਾਂ, ਇਹ ਦੱਸ ਤੇਰੇ ਤੇ ਸਦੀਆਂ ਤੋਂ ਕਿਸ ਧਰਮ ਵਾਲੇ

ਲੋਕਾਂ ਨੇ ਜ਼ੁਲਮ ਕੀਤੇ ਨੇ?

ਧਰਤੀ ਮਾਤਾ: ਜਾਬਰ ਦਾ ਕੋਈ ਧਰਮ ਨਹੀਂ ਹੁੰਦਾ। ਉਹਦਾ ਧਰਮ ਜ਼ੁਲਮ ਕਰਨਾ ਹੁੰਦੈ, ਉਹਦਾ ਧਰਮ ਕੰਮਜ਼ੋਰਾਂ ਨੂੰ ਗੁਲਾਮ ਬਣਾਉਣਾ ਹੁੰਦੈ ਤੇ ਸਾਰੀ ਮਨੁੱਖਤਾ ਦੇ ਗਲ ਵਿੱਚ ਫਾਹੀ ਪੈ ਜਾਂਦੀ ਏ। ਹੁਣ ਚਾਰੇ ਪਾਸੇ ਹਨ੍ਹੇਰਾ ਈ ਹਨ੍ਹੇਰਾ ਏ।

ਚਰਨ ਦਾਸ: ਕਿਤੇ ਵੀ ਚਾਨਣ ਨਹੀਂ?

ਧਰਤੀ ਮਾਤਾ: ਹੈ, ਚਾਨਣ ਹੈ ਆਨੰਦਪੁਰ ਦੀ ਧਰਤੀ ਤੇ, ਪਰ ਚਾਨਣ ਦੇ ਸਾਹਮਣੇ ਇਹਨਾਂ ਲੋਕਾਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਨੇ। ਆਹ ਲੋਕ ਹਨ੍ਹੇਰੇ ਦੇ ਬੁੱਕਲ ਵਿੱਚ ਰਹਿਣ ਦੇ ਆਦੀ ਹੋ ਗਏ ਨੇ।

ਚਰਨ ਦਾਸ: ਮੈਂ ਸਮਝਿਆ ਨਹੀਂ ਧਰਤੀ ਮਾਂ।

ਧਰਤੀ ਮਾਤਾ: ਸਮਝ ਜਾਏਂਗਾ ਜਦ ਬਾਣ ਤੇਰੀ ਛਾਤੀ ਤੇ ਲੱਗਾ।

ਆਵਾਜ਼: ਜਬੈ ਬਾਣ ਲਾਗਿਯੋ॥
ਤਬੈ ਰੋਸ ਜਾਗਿਯੋ॥
ਕਰੰ ਲੈ ਕਮਾਣੰ॥
ਹਨੰ ਬਾਣ ਤਾਣੰ॥
ਜਬੈ ਬਾਣ.....

ਚਰਨ ਦਾਸ: ਹੇ ਈਸ਼ਵਰ! ਮੈਂ ਕੀ ਕਰਾਂ? (ਪਾਗਲ ਆਉਂਦਾ ਹੈ)

ਪਾਗਲ: ਓਏ ਕੀਹਦੇ ਨਾਲ ਗੱਲਾਂ ਕਰੀ ਜਾਨੈਂ?

ਚਰਨ ਦਾਸ: ਧਰਤੀ ਮਾਂ ਨਾਲ (ਧਰਤੀ ਮਾਂ ਵਿਖਾਈ ਨਹੀਂ ਦਿੰਦੀ) ਓਹੋ, ਮੈਂ ਕੋਈ ਸੁਫਨਾ ਲੈ ਰਿਹਾ ਸੀ।

ਪਾਗਲ: ਲਈ ਜਾ ਸੁਫਨੇ। ਸੁਫਨੇ ਮਿੱਠੇ ਹੁੰਦੇ ਨੇ ਤੇ ਅਸਲੀਅਤ ਬੜੀ ਕੌੜੀ ਹੁੰਦੀ ਏ। ਤੈਨੂੰ ਧਰਤੀ ਮਾਂ ਕੀ ਕਹਿੰਦੀ ਸੀ?

ਚਰਨ ਦਾਸ: ਸਮਝਾਉਂਦੀ ਸੀ।

ਪਾਗਲ: ਤੈਨੂੰ? ਧਰਤੀ ਮਾਂ! ਤੂੰ ਕਿਸ ਬੁੱਧੂ ਨੂੰ ਸਮਝਾ ਰਹੀ ਸੀ। ਇਹਦੇ ਅੱਗੇ ਭਾਸ਼ਣ ਝਾੜਨਾਂ ਤਾਂ ਝੋਟੇ ਅੱਗੇ ਬੀਨ ਵਜਾਣ ਵਾਲੀ ਗੱਲ ਏ। ਧਰਤੀ ਮਾਂ! ਇਹ ਭੇਡਾਂ ਦੀ ਮੰਡੀ ਏ, ਜਿੱਧਰ ਮਰਜ਼ੀ ਤੋਰ ਲਉ ਡੰਡੇ ਦੇ ਜੋਰ ਨਾਲ।

ਚਰਨ ਦਾਸ: ਤੂੰ ਪਾਗਲ ਏਂ, ਤਾਂ ਹੀ ਪਾਗਲਪਨ ਪਿਆ ਕਰਦੈਂ।

ਪਾਗਲ: ਪਾਗਲ ਮੈਂ? (ਗੁੱਸੇ ਵਿੱਚ) ਪਾਗਲ ਤੂੰ, ਪਾਗਲ ਤੇਰੀ ਮਾਂ ਜਿਹਨੇ ਜੰਮਿਐ ਸੂਰਮਾ ਪੁੱਤਰ, ਪਾਗਲ ਤੇਰੇ ਦਾਦੇ ਪਾਗਲ ਤੇਰੇ ਪੜਦਾਦੇ,
ਪਾਗਲ ਤੇਰੇ ਪੜਦਾਦਿਆਂ ਦੇ ਪੜਦਾਦੇ। ਰਾਮ ਪਾਗਲ, ਸ਼ਾਮ ਪਾਗਲ, ਨੱਥੂ ਪਾਗਲ, ਲੱਛੂ ਪਾਗਲ, ਘਸੀਟਾ ਪਾਗਲ। ਸਾਰੇ ਗੁਲਾਮ,ਸਹੁਰੀ ਦੇ ਸਾਰੇ ਈ ਗੁਲਾਮ।



ਚਰਨ ਦਾਸ: ਮੈਂ ਕਿਸੇ ਤਰ੍ਹਾਂ ਗੁਲਾਮ ਆਂ?

ਪਾਗਲ: ਆਪਣੇ ਕੱਪੜਿਆਂ ਵੱਲ ਵੇਖ। ਬੜੇ ਸੁਹਣੇ ਨੇ ਤੇਰੇ ਕੱਪੜੇ, ਨਿਰਾ ਸ਼ੀਸ਼ਾ, ਵਿੱਚੋਂ ਭਾਵੇਂ ਮੂੰਹ ਵੇਖ ਲਉ। ਕੱਪੜੇ ਇਸ ਤਰ੍ਹਾਂ ਦੇ ਪਾਏ ਨੇ ਜਿਵੇਂ ਕੁੜੀ ਦੱਬ ਕੇ ਆਇਆ ਹੋਵੇ।

ਚਰਨ ਦਾਸ: ਜ਼ਿਆਦਾ ਸੁਹਣੇ ਕੱਪੜੇ ਨਹੀਂ ਪਹਿਨੀਦੇ, ਨਹੀਂ ਤਾਂ ਕਿਸੇ ਦੀ ਨਜ਼ਰ ਲੱਗ ਸਕਦੀ ਏ।

ਪਾਗਲ: ਸਿੱਧਾ ਕਿਉਂ ਨਹੀਂ ਕਹਿੰਦਾ ਮਰਦਾ ਕਿ ਹਿੰਦੂਆਂ ਨੂੰ ਵਧੀਆ ਕੱਪੜੇ ਪਾਉਣ ਦੀ ਖੁੱਲ੍ਹ ਈ ਨਹੀਂ। ਤੁਸੀਂ ਲੋਕ ਗਹਿਣੇ ਨਹੀਂ ਪਾ ਸਕਦੇ। ਕੀ ਮੈਂ ਪਾਗਲ ਆਂ?

ਚਰਦ ਦਾਸ: (ਕੁੱਝ ਗੰਭੀਰਤਾ ਵਿੱਚ) ਸ਼ੈਦ ਤੇਰੀ ਗੱਲ ਠੀਕ ਈ ਹੋਵੇ।

ਪਾਗਲ: ਤੁਸੀਂ ਲੋਕ ਤਾਂ ਆਪਣੇ ਤਿਉਹਾਰ ਨਹੀਂ ਮਨਾ ਸਕਦੇ, ਮੇਲੇ ਨਹੀਂ ਲਾ ਸਕਦੇ। ਨਾਚ ਨਹੀਂ ਨੱਚ ਸਕਦੇ। ਸਰਕਾਰ ਤੁਹਾਨੂੰ ਚੰਗਾ ਕੁੱਟਦੀ ਏ ਤੇ ਫਿਰ ਖੁੱਲ੍ਹ ਕੇ ਰੋਣ ਵੀ ਨਹੀਂ ਦਿੰਦੀ। ਕੀ ਮੈਂ ਝੂਠ ਬੋਲਿਐ? ਕੀ ਮਾਂ ਪਾਗਲ ਆਂ?

ਚਰਨ ਦਾਸ: ਇਹ ਵੀ ਸੱਚ ਈ ਜਾਪਦੈ।

ਪਾਗਲ: ਓਏ ਤੂੰ ਕਦੇ ਘੋੜੇ ਦੀ ਸਵਾਰੀ ਕੀਤੀ ਏ?

ਚਰਨ ਦਾਸ: ਨਾ ਨਾ, ਮੈਂ ਨਹੀਂ ਕਦੇ ਘੋੜੇ ਤੇ ਚੜ੍ਹਿਆ।

ਪਾਗਲ: ਘੋੜੇ ਤੇ ਚੜ੍ਹਿਆਂ ਵੀ ਨਜ਼ਰ ਲੱਗ ਜਾਂਦੀ ਏ?

ਚਰਨ ਦਾਸ: ਘੋੜ ਸਵਾਰੀ ਕਰਦਾ ਬੰਦਾ ਡਿਗ ਸਕਦੈ ਤੇ ਐਵੇਂ ਲੱਤ ਬਾਂਹ ਤੁੜਾ ਸਕਦੈ ਰਾਹ ਜਾਂਦਾ।

ਪਾਗਲ: ਨਾ ਨਾ ਨਾ (ਹੱਸਦਾ ਹੈ) ਤੇਰੇ ਹੱਥ ਘੋੜੇ ਦੀ ਲਗਾਮ ਤੱਕ ਨਹੀਂ ਜਾ ਸਕਦੇ, ਤੇਰੇ ਹੱਥ ਬੰਨ੍ਹੇ ਹੋਏ ਨੇ। ਤੇਰੇ ਪੈਰ ਰਕਾਬ ਉੱਪਰ ਨਹੀਂ ਆ ਸਕਦੇ। ਤੇਰੇ ਪੈਰਾਂ ਵਿੱਚ ਬੇੜੀਆਂ ਨੇ। ਮੇਰੀ ਗੱਲ ਸਮਝ ਪਈ ਕਿ ਨਹੀਂ? ਕੀ ਮੈਂ ਪਾਗਲ ਆਂ?

ਚਰਨ ਦਾਸ: (ਨਿਰਾਸ਼ਾ ਵਿੱਚ) ਨਹੀਂ ਨਹੀਂ, ਮੈਂ ਪਾਗਲ ਆਂ। ਤੂੰ ਸਿਆਣਾ ਏਂ..

ਪਾਗਲ: ਅੱਜ ਪਹਿਲੀ ਵਾਰ ਮੈਨੂੰ ਕਿਸੇ ਨੇ ਸਿਆਣਾ ਕਿਹੈ। (ਜ਼ੋਰ ਨਾਲ ਹੱਸਦਾ ਹੈ) ਪਰ ਮੈਂ ਤਾਂ ਪਾਗਲ ਆਂ, ਤੂੰ ਪਾਗਲ ਨਹੀਂ। ਮੈਂ ਆਪਣੀ ਥਾਂ ਤੈਨੂੰ ਕਿਉਂ ਦੇਵਾਂ। ਪਾਗਲ ਮੈਂ ਆਂ। (ਪਾਗਲ ਬੋਲਦਾ ਬੋਲਦਾ ਚਲਾ ਜਾਂਦਾ ਹੈ)

ਆਵਾਜ਼ਾਂ: ਬਚਾਓ, ਬਚਾਓ। ਰਹਿਮ ਕਰੋ, ਦੌੜੋ....
(ਦੋ ਨੌਜਵਾਨ ਦੌੜੇ ਆਉਂਦੇ ਹਨ, ਉਨ੍ਹਾਂ ਪਿੱਛੇ ਇਕਬਾਲ ਨਾਂ ਦਾ ਹਥਿਆਰਬੰਦ ਸਿਪਾਹੀ ਹੈ। ਦੋਵੇਂ ਨੌਜਵਾਨ ਲੁੱਕ ਜਾਂਦੇ ਹਨ, ਸਿਪਾਹੀ ਨੂੰ ਵੇਖ ਕੇ ਚਰਨਦਾਸ ਵੀ ਲੁੱਕ ਜਾਂਦਾ ਹੈ)

ਇਕਬਾਲ: ਕਾਫਰ,ਕਾਫਰ ਜਹਾਨ ਦੇ। ਕਿਥੋਂ ਸਵੇਰੇ ਸਵੇਰੇ ਮੱਥੇ ਲੱਗ ਗਏ।

ਸਾਡੀ ਸ਼ਕਤੀ ਦਾ ਸਿੱਕਾ ਏ ਕਿ ਮੈਨੂੰ ਵੇਖ ਕੇ ਦਸ ਦਸ ਕਾਫਰ ਤਿੱਤਰ ਹੋ ਜਾਂਦੇ ਨੇ (ਹੱਸਦਾ ਹੈ) ਪਤਾ ਨਹੀਂ ਕਿੱਥੇ ਲੁੱਕ ਗਏ? ਚੂਹੇ ਖੁੱਡਾਂ ਵਿੱਚ ਲੁੱਕ ਗਏ। ਜ਼ਰੂਰ ਆਪਣੀਆਂ ਮਾਵਾਂ ਦੀਆਂ ਗੋਦੀਆਂ ਵਿੱਚ ਬੈਠੇ ਹੋਣਗੇ। ਕਹਿੰਦੇ ਹੋਣੇ ਨੇ-ਅੰਮਾਂ! ਅਸਾਂ ਬੜੀ ਸੂਰਮਗਤੀ ਵਿਖਾਈ ਏ ਜੋ ਅਸੀਂ ਇਕਬਾਲ ਤੋਂ ਬਚ ਕੇ ਆ ਗਏ ਆਂ। ਆਪਣੀਆਂ ਅੰਮਾਂ ਕੋਲੋਂ ਚੂਰੀ ਖਾਂਦੇ ਹੋਣਗੇ। ਚੂਰੀ...ਚੂ..ਰੀ। ਚੂਰੀ ਦੀ ਬੜੀ ਸ਼ਿਦਤ ਨਾਲ ਇੰਤਜ਼ਾਰ ਰਹਿੰਦੀ ਏ। ਪਰ ਉਹ ਸੁੱਕੇ ਬਚ ਗਏ..(ਜਲਾਲ ਨਾਂ ਦਾ ਸਿਪਾਹੀ ਆਉਂਦਾ ਹੈ)

ਜਲਾਲ: ਕੌਣ ਸੁੱਕੇ ਬਚ ਗਏ?

ਇਕਬਾਲ: ਹੈ ਸੀ ਦੋ ਕੁ ਕਾਫਰ।

ਜਲਾਲ: ਅੱਜ ਕੱਲ੍ਹ ਬਹੁਤ ਬਹਾਦਰ ਯੋਧਾ ਹੋ ਗਿਐ ਮੁਹੰਮਦ ਇਕਬਾਲ।

ਇਕਬਾਲ: ਕੋਈ ਬੰਦਾ ਸਾਡੇ ਅੱਗੇ ਅੱਗੇ ਦੌੜਦਾ ਹੋਵੇ ਤੇ ਸਾਡੇ ਹੱਥ ਵਿੱਚ ਹੋਵੇ ਤਲਵਾਰ, ਫਿਰ ਸਾਡੀ ਹਿੰਮਤ ਕਈ ਗੁਣਾਂ ਵਧ ਜਾਂਦੀ ਏ।

ਜਲਾਲ: (ਮੁਸਕਰਾਉਂਦਾ ਹੋਇਆ) ਅੱਜ ਕੱਲ੍ਹ ਕਿਵੇਂ ਚੱਲ ਰਿਹੈ?

ਇਕਬਾਲ: ਖੁਦਾ ਦਾ ਸ਼ੁਕਰ ਏ, ਮੁਕੱਦਮ ਹਜ਼ੂਰ ਦੀ ਰਹਿਮਤ ਏ ਜਿਨ੍ਹਾਂ ਮੈਨੂੰ ਇਸ ਮੁਹੱਲੇ ਤਾਇਨਾਤ ਕੀਤੈ। ਮੌਜਾਂ ਬਣੀਆਂ ਨੇ ਮੌਜਾਂ। ਤੂੰ ਆਪਣੇ ਬਾਰੇ ਬੋਲ।

ਜਲਾਲ: ਮੇਰੇ ਤੇ ਮੁਕੱਦਮ ਹਜ਼ੂਰ ਦੀ ਨਿਗਾਹ ਸਵੱਲੀ ਏ।

ਇਕਬਾਲ: ਫਿਰ ਤਾਂ ਅਸੀਂ ਇੱਕੋ ਈ ਥੈਲੀ ਦੇ ਚੱਟੇ ਵੱਟੇ।

ਜਲਾਲ: ਖਲਕਤ ਜਾਵੇ ਮਿੱਟੀ ਘੱਟੇ।

ਇਕਬਾਲ: ਹਜ਼ੂਰ ਨੂੰ ਖੁਸ਼ ਰੱਖੋ, ਉਹਦੇ ਮੱਥੇ ਤੇ ਤਿਊੜੀ ਨਜ਼ਰ ਨਾ ਆਵੇ।

ਜਲਾਲ: ਉਹਦੀ ਖੁਸ਼ਾਮਦ ਕਰੋ, ਪਾਸਾ ਪੁੱਠਾ ਨਹੀਂ ਪਵੇਗਾ।

ਇਕਬਾਲ: ਉਹ ਦਿਨ ਨੂੰ ਰਾਤ ਆਖੇ ਤਾਂ ਕਹਿ ਦਿਓ ਰਾਤ ਏ।

ਜਲਾਲ: ਹਜ਼ੂਰ ਨੂੰ ਭਾਵੇਂ ਖੰਘ ਲੱਗੀ ਹੋਵੇ, ਗਲਾ ਬੈਠਾ ਹੋਵੇ, ਕਹਿ ਦਿਓ ਤੁਹਾਡੀ ਤਾਂ ਕੋਇਲ ਵਰਗੀ ਆਵਾਜ਼ ਏ।

ਇਕਬਾਲ: ਹਾਂ, ਕਹੋ ਸਾਰੀ ਖਲਕਤ ਨੂੰ ਹਜ਼ੂਰ ਤੇ ਨਾਜ਼ ਏ।

ਜਲਾਲ: ਹਜ਼ੂਰ ਦੀ ਗਜਬ ਦੀ ਤੋਰ ਏ। (ਹੌਲੀ ਜਿਹਾ) ਭਾਵੇਂ ਹਜ਼ੂਰ ਢਿਚਕ ਈ ਮਾਰਦਾ ਹੋਵੇ।

ਇਕਬਾਲ: ਹਜ਼ੂਰ ਦੇ ਚਹਿਰੇ ਤੇ ਤੇਜ ਵੇਖਣ ਵਾਲੈ। ਭਾਵੇਂ ਚਿਹਰੇ ਤੇ ਕਾਲੋਂ ਈ ਪਈ ਹੋਵੇ।

ਜਲਾਲ: ਠੀਕ ਸਮੇਂ ਤੇ ਠੀਕ ਤੀਰ ਚਲਾਓ।

ਇਕਬਾਲ: ਹਜ਼ੂਰ ਦੇ ਚਿਹਰੇ ਤੇ ਰੌਣਕ ਲਿਆਓ।

ਜਲਾਲ: ਹਕੀਕਤ ਤੇ ਪਰਦਾ ਪਾਓ।



ਇਕਬਾਲ: ਹਜ਼ੂਰ ਦੇ ਝੋਲੀ ਚੁੱਕ ਬਣ ਜਾਓ।

ਜਲਾਲ: ਹਜ਼ੂਰ ਤੇ ਜਨਤਾ ਵਿਚਕਾਰ ਕੰਧ ਬਣ ਜਾਓ।

ਇਕਬਾਲ: ਪਰ ਹਜ਼ੂਰ ਦੇ ਚਿਹਰੇ ਤੇ ਰੌਣਕ ਲਿਆਓ (ਦੋਵੇਂ ਹੱਸਦੇ ਹਨ) ਹਜ਼ੂਰ ਦਾ ਗੁੱਸਾ ਬੜੇ ਕਹਿਰ ਦਾ ਏ। ਜੇ ਉਹਦੇ ਗੁੱਸੇ ਦੀ ਬਿਜਲੀ ਕਿਤੇ ਸਾਡੇ ਤੇ ਡਿੱਗ ਪਈ ਤਾਂ ਹਜ਼ੂਰ ਤਬਾਦਲਾ ਕਰਵਾ ਦੇਣਗੇ ਉਸ ਥਾਂ.....

ਜਲਾਲ: ਜਿਥੋਂ ਪੀਣ ਲਈ ਪਾਣੀ ਨਾ ਮਿਲੇ।

ਇਕਬਾਲ: ਜਿੱਥੇ ਕੱਟਣੇ ਪੈਣਗੇ ਸ਼ਿਲੇ।

ਜਲਾਲ: ਜਿਥੇਂ ਨਾ ਸਾਉਣੀ ਹੋਵੇ ਨਾ ਹੋਵੇ ਹਾੜ੍ਹੀ।

ਇਕਬਾਲ: ਜਿੱਥੇ ਬੋਝੇ ਰਹਿਣ ਖਾਲੀ ਖਾਲੀ, ਨਾ ਹੀ ਬਣੇ ਕਦੇ ਦਿਹਾੜੀ।

ਜਲਾਲ: ਅੱਛਾ, ਅੱਛਾ। ਤੁਸੀਂ ਬਣਾਓ ਦਿਹਾੜੀ ਤੇ ਆਪਾਂ ਲੱਭਣ ਚੱਲੇ ਆਂ ਕੋਈ ਸ਼ਿਕਾਰ। (ਜਲਾਲ ਚਲਾ ਜਾਂਦਾ ਹੈ)

ਇਕਬਾਲ: ਆਪਾਂ ਮਾਰਦੇ ਆਂ ਆਪਣੀ ਮਾਰ।

(ਇਕਬਾਲ ਲੁੱਕੇ ਹੋਏ ਦੋਵੇਂ ਨੌਜਵਾਨਾਂ ਨੰ. 1 ਅਤੇ ਨੰ. 2 ਨੂੰ ਫੜ ਲੈਂਦਾ ਹੈ)

ਓਏ, ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਊ। ਅਸੀਂ ਤਾਂ ਪਤਾਲ ਵਿੱਚੋਂ ਕਾਫਰਾਂ ਨੂੰ ਖੋਜ ਲਿਆਉਂਦੇ ਆਂ। ਮੇਰਾ ਨਾਂ ਮੁਹੰਮਦ ਇਕਬਾਲ ਏ ਮੁਹੰਮਦ ਇਕਬਾਲ, ਜਿਹਨੂੰ ਵੇਖ ਕੇ ਦਸ ਦਸ ਕਾਫਰ ਤਿੱਤਰ ਹੋ ਜਾਂਦੇ ਨੇ।

1: (ਕੰਬਦੇ ਹੋਏ) ਸਾਨੂੰ ਮਾਫ ਕਰ ਦਿਓ ਬਾਦਸ਼ਾਹੋ।

ਇਕਬਾਲ: ਕਿਸ ਗੁਸਤਾਖੀ ਬਦਲੇ? (ਜ਼ੋਰਦਾਰ ਹਾਸਾ ਹੱਸਦਾ ਹੈ) ਇਹ ਨਹੀਂ ਪਤਾ ਇਨ੍ਹਾਂ ਕਿਹੜੀ ਗੁਸਤਾਖੀ ਕੀਤੀ ਏ ਤੇ ਇਹ ਆਪਣੇ ਜ਼ੁਰਮ ਦਾ ਇਕਬਾਲ ਕਰ ਰਿਹੈ। ਇਹ ਦੱਸੋ, ਮੈਨੂੰ ਵੇਖ ਕੇ ਐਂ ਕਿਉਂ ਦੌੜੇ ਜਿਵੇਂ ਗੁਲੇਲ ਨੂੰ ਵੇਖ ਕੇ ਕਾਂ ਦੌੜਦੈ।

2: ਜੀ ਤੁਹਾਡੀ ਤਲਵਾਰ ਵੇਖ ਕੇ ਦੌੜ ਪਏ ਸੀ।

ਇਕਬਾਲ: ਅੱਛਾ, ਅੱਛਾ! (ਗੱਲ ਪਲਟਦਾ ਹੋਇਆ) ਤੁਹਾਡੇ ਲਈ ਸ਼ਾਹੀ ਫੁਰਮਾਨ ਏ ਕਿ ਤੁਸੀਂ ਅਪਣੇ ਘਰੋਂ ਦੋ ਦੋ ਸੇਰ ਦੁੱਧ ਲੈ ਕੇ ਆਓ।

1: ਜੀ ਸਾਡੇ ਘਰ ਤਾਂ ਮੱਝ ਈ ਕੋਈ ਨਹੀਂ।

2: ਸਾਡੇ ਵੀ ਨਹੀਂ ....ਜੀ ਦੁੱਧ ਕਿਥੋਂ ਲੈ ਕੇ ਆਈਏ?

ਇਕਬਾਲ: (ਨੰ.2 ਦੇ ਥੱਪੜ ਮਾਰਦਾ ਹੋਇਆ) ਹਰਾਮਜਾਦੇ, ਆਪਣੇ ਘਰ ਦੁੱਧ ਨਹੀਂ ਤਾਂ ਗਵਾਂਢੀ ਮਰ ਤਾਂ ਨਹੀਂ ਗਏ। ਤਲਾਸ਼ੀ ਦਿਓ, ਚਾਂਦੀ ਦੇ ਚਾਰ ਸਿੱਕੇ ਈ ਮਿਲ ਜਾਣ ਤਾਂ ਮੁੱਠੀ ਗਰਮ ਹੋ ਜਾਏ। (ਦੋਵਾਂ ਦੀਆਂ ਜੇਬਾਂ ਫੋਲਦਾ ਹੈ)

ਖੂਬ! ਲੱਭ ਗਏ ਦੋ ਸਿੱਕੇ। ਅੱਲਾ ਤਾਲਾ ਦੀ ਰਹਿਮਤ ਹੋ ਗਈ ਸਵੇਰੇ! ਮੈਂ ਸਿਪਾਹੀ ਆਂ ਸਿਪਾਹੀ। ਸਿਪਾਹੀਆਂ ਦੀ ਮੁੱਠੀ ਗਰਮ

ਹੋਣੀ ਚਾਹੀਦੀ ਏ, ਫਿਰ ਅਪਣਾ ਕੰਮ ਦਰੁਸਤ ਕਰਦੇ ਨੇ। ਮੁੱਠੀ ਗਰਮ ਕਰਾਓ ਤੇ ਅੱਲਾ ਦੀ ਰਹਿਮਤ ਪਾਓ (ਹੱਸਦਾ ਹੋਇਆ ਚਲਾ ਜਾਂਦਾ ਹੈ)

1: ਹੱਸਦਾ ਕਿਵੇਂ ਸੀ! ਉਹ ਹੱਸਿਆ ਤਾਂ ਇਵੇਂ ਲੱਗਾ ਜਿਵੇਂ ਇੱਟਾਂ ਦਾ ਚੱਕਾ ਡਿਗ ਪਿਆ ਹੋਵੇ।

2: ਸ਼ੁਕਰ ਕਰ ਰੱਬ ਦਾ ਉਹ ਮਗਰੋਂ ਲੱਥ ਗਿਐ। (ਚਰਨ ਦਾਸ ਆਉਂਦਾ ਹੈ)

ਚਰਨ ਦਾਸ: ਮੈਂ ਸਭ ਵੇਖ ਲਿਐ ਅਪਣੀਆਂ ਅੱਖਾਂ ਨਾਲ। ਅਸੀਂ ਤੁਸੀਂ ਸਾਰੇ ਗੁਲਾਮ ਆਂ। ਗੁਲਾਮ ਦੀ ਕਾਹਦੀ ਜ਼ਿੰਦਗੀ? ਥੂ ਇਸ ਤਰ੍ਹਾਂ ਦੀ ਜ਼ਿੰਦਗੀ ਤੇ। ਹਰ ਵੇਲੇ ਸਿਰ ਤੇ ਡੰਡਾ। ਤੁਸੀਂ ਵੀ ਸ਼ੇਰ ਬਣੋ, ਫਿਰ ਵੇਖਣਾ ਇਵੇਂ ਦੇ ਭਾੜੇ ਦੇ ਸਿਪਾਹੀਆਂ ਦੀ ਸੂਰਮਗਤੀ ਕਿਧਰ ਜਾਂਦੀ ਏ।

1: ਹੌਲੀ ਬੋਲ ਹੌਲੀ, ਕੰਧਾਂ ਨੂੰ ਕੰਨ ਹੁੰਦੇ ਨੇ। ਜੇ ਉਸ ਸਿਪਾਹੀ ਨੂੰ ਭਿਣਕ ਪੈ ਗਈ ਤਾਂ .....

ਚਰਨ ਦਾਸ: ਮਰਵਾ ਦੇਵੇਂਗਾ, ਹੋਰ ਕੀ ਕਰ ਲਵੇਗਾ? ਰੋਜ਼ ਰੋਜ਼ ਮਰਨ ਨਾਲੋਂ ਇੱਕ ਦਿਨ ਮਰ ਜਾਵੇ ਤਾਂ ਕਿਤੇ ਚੰਗਾ ਏ।

2: ਇਹਦਾ ਸਿਰ ਫਿਰ ਗਿਐ ਲਗਦੈ, ਹਕੂਮਤ ਨਾਲ ਟੱਕਰ ਲੈਣ ਦੀ ਗੱਲ ਕਰਦੈ।

1: (ਮਖੌਲੀਆਂ ਅੰਦਾਜ਼ ਵਿੱਚ) ਹਾਥੀ ਅੱਗੇ ਕੀੜੀ!

2: ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਵਣਗੇ

(ਦੋਵੇਂ ਜਣੇ ਚਰਨਦਾਸ ਦੁਆਲੇ ਚੱਕਰ ਕੱਢਦੇ ਹੋਏ ਇਹੋ ਗਾਉਂਦੇ ਹਨ' ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਵਣਗੇ' ਗਾਉਂਦੇ ਗਾਉਂਦੇ ਚਲੇ ਜਾਂਦੇ ਹਨ)

ਚਰਨ ਦਾਸ: ਇਵੇਂ ਭਲੇ ਦਿਨ ਕਦੇ ਨਹੀਂ ਆਉਣਗੇ। ਮੈਂ ਆਜ਼ਾਦ ਹੋਣਾ ਚਾਹੁੰਦਾ ਹਾਂ, ਮੈਂ ਆਜ਼ਾਦ ਹੋਣਾ ਚਾਹੁੰਦਾ ਹਾਂ। (ਜਲਾਲ ਤੇਜ਼ ਕਦਮੀਂ ਆਉਂਦਾ ਹੈ)

ਜਲਾਲ: ਉਏ ਕਾਫਰਾ, ਤੂੰ ਮੇਰੀਆਂ ਅੱਖਾਂ ਵੇਖ ਕੇ ਆਪਣੀ ਅੱਖ ਨੀਵੀਂ ਨਹੀਂ ਕੀਤੀ?

ਚਰਨ ਦਾਸ: ਕਿਉਂ ਕਰਾਂ, ਮੈਂ ਕੋਈ ਅਪਰਾਧ ਕੀਤੇ।

ਜਲਾਲ: ਤੂੰ ਧੌਣ ਉੱਚੀ ਕਰਕੇ ਖੜ੍ਹਾ ਏਂ, ਤੈਨੂੰ ਨਹੀਂ ਇਲਮ ਕਿ ਤੇਰੇ ਸਾਹਮਣੇ ਕੌਣ ਖੜ੍ਹਾ ਏ।

ਚਰਨ ਦਾਸ: ਮੈਨੂੰ ਪਤੈ ਮੇਰੇ ਸਾਹਮਣੇ ਇੱਕ ਸਿਪਾਹੀ ਖੜ੍ਹਾ ਏ।

ਜਲਾਲ: ਤੈਨੂੰ ਮੇਰੇ ਤੋਂ ਡਰ ਨਹੀਂ ਲਗਦਾ?

ਚਰਨ ਦਾਸ: ਬਥੇਰਾ ਡਰ ਕੇ ਵੇਖ ਲਿਐ, ਹੁਣ ਨਹੀਂ ਡਰਾਂਗਾ।

ਜਲਾਲ: ਧੌਣ ਨੀਵੀਂ ਕਰਕੇ ਗੱਲ ਕਰ।



ਚਰਨ ਦਾਸ: ਨਹੀਂ ਕਰਦਾ।

ਜਲਾਲ: ਧੌਣ ਵਿੱਚ ਕਿੱਲਾ ਠੋਕ ਦੇਵਾਂਗਾ ਜਾਂ ਫਿਰ ਫਾਹਾ ਹੀ ਵੱਢ ਦੇਵਾਂਗਾ।

ਚਰਨਦਾਸ: ਤੇਰੀਆਂ ਗਿੱਦੜ ਭਬਕੀਆਂ ਦਾ ਮੇਰੇ ਤੇ ਜਾਦੂ ਨਹੀਂ ਚੱਲਣਾ।

ਜਲਾਲ: ਜਾਦੂ ਚੱਲੇਗਾ। ਤੇਰਾ ਬੰਦੋਬਸਤ ਅੱਜ ਈ ਹੋਵੇਗਾ। ਤਾਰੇ ਵਿਖਾ ਦਿਆਂਗਾ ਤਾਰੇ। (ਬੁੜ ਬੁੜ ਕਰਦਾ ਚਲਾ ਜਾਂਦਾ ਹੈ)

ਚਰਨ ਦਾਸ: ਹੂੰ, ਕਹਿੰਦੈ ਤਾਰੇ ਵਿਖਾ ਦਿਆਂਗਾ ਤਾਰੇ। ਇਨ੍ਹਾਂ ਦੇ ਜ਼ੁਲਮ ਦਾ ਜਵਾਬ ਤਾਂ ਦੇਣਾ ਈ ਪਵੇਗਾ। (ਲੱਛਮੀ ਆਉਂਦੀ ਹੈ, ਉਸ ਕੋਲ ਗੜਵੀ ਹੈ) ਵੇ ਲੱਛਮੀ: ਪੁੱਤਰ,ਤੂੰ ਇੱਥੇ ਕੀ ਕਰ ਰਿਹੈਂ ਚੁਰਾਹੇ ਵਿੱਚ? ਮੈਂ ਤਾਂ ਲੱਭ ਲੱਭ ਥੱਕ ਗਈ ਤੈਨੂੰ। ਪੁੱਤਰ, ਜ਼ਮਾਨਾ ਬੜਾ ਖਤਰਨਾਕ ਏ। ਜਵਾਨ ਪੁੱਤਰ ਜ਼ਿਆਦਾ ਵਕਤ ਘਰੋਂ ਬਾਹਰ ਨਹੀਂ ਨਿਕਲਦੇ।

ਚਰਨ ਦਾਸ: ਫਿਰ ਮੈਨੂੰ ਸੰਦੂਕ ਵਿੱਚ ਬੰਦ ਕਰਦੇ।

ਲੱਛਮੀ: ਤੂੰ ਕਿਵੇਂ ਦੀਆਂ ਕਮਲੀਆਂ ਘੋਟਣ ਲੱਗ ਪਿਐਂ। ਰਾਮ ਭਲਾ ਕਰੇ, ਕੋਈ ਅਕਲ ਦੀ ਗੱਲ ਕਰਿਆ ਕਰ।

ਚਰਨ ਦਾਸ: ਅੱਜ ਤੋਂ ਮੈਂ ਅਪਣੀ ਅਕਲ ਦੀ ਹੀ ਗੱਲ ਕਰਾਂਗਾ।

ਲਛਮੀ: ਅਪਣੀ ਅਕਲ ਦੀ? ਮੈਂ ਸਮਝੀ ਨਹੀਂ ਪੁੱਤਰ।

ਚਰਨ ਦਾਸ: ਮੈਂ ਜ਼ਾਲਮ ਹਕੂਮਤ ਦਾ ਜ਼ੁਲਮ ਸਹਿਣ ਨਹੀਂ ਕਰ ਸਕਦਾ। ਇਥੇ ਲੋਕ ਕਿਸ ਤਰ੍ਹਾਂ ਦੀ ਜ਼ਿੰਦਗੀ ਜੀਅ ਰਹੇ ਨੇ। ਇਹ ਨਰਕ ਭੋਗ ਰਹੇ ਨੇ। ਇਹ ਲੋਕ ਕਾਹਦੇ ਲੋਕ ਨੇ, ਇਹ ਤਾਂ ਬੁੱਤ ਬਣ ਗਏ ਨੇ ਬੁੱਤ।

ਲਛਮੀ: ਬੁੱਤ ਬਣ ਕੇ ਆਪਣਾ ਵਕਤ ਤਾਂ ਟਪਾ ਰਹੇ ਨੇ ਨਾ।

ਚਰਨ ਦਾਸ: ਪਰ ਮੈਂ ਬੁੱਤ ਨਹੀਂ ਬਣ ਸਕਦਾ। ਮੈਂ ਅਣਖ ਨਾਲ ਜੀਣਾ ਚਾਹੁੰਦਾ ਹਾਂ।

ਲਛਮੀ: ਸਰਕਾਰ ਅੱਗੇ ਕਾਹਦੀ ਅਣਖ, ਕਾਹਦਾ ਜ਼ੋਰ। ਘਰ ਚੱਲ, ਕਿਸੇ ਸੁਣ ਲਿਆ ਤਾਂ ਸਾਡੀ ਸ਼ਾਮਤ ਆ ਜਾਵੇਗੀ।

ਚਰਨ ਦਾਸ: ਆ ਜਾਵੇ ਸ਼ਾਮਤ, ਮੈਨੂੰ ਨਹੀਂ ਪਰਵਾਹ।

ਲਛਮੀ: ਤੈਨੂੰ ਨਹੀਂ ਪਰਵਾਹ ਤਾਂ ਨਾ ਸਹੀ, ਪਰ ਸਾਨੂੰ ਤਾਂ ਤੇਰਾ ਫਿਕਰ ਏ ਨਾ।

ਚਰਨ ਦਾਸ: ਛੱਡ ਕਿਓ ਫਿਕਰ ਕਰਨਾ, ਮੈਂ ਬਾਗੀ ਹੋਵਾਂਗਾ।

ਲਛਮੀਂ: ਬਾਗੀ? ਹਾਥੀਆਂ ਹੇਠ ਕੁਚਲ ਦੇਣਗੇ।

ਚਰਨ ਦਾਸ: ਮੈਂ ਆਨੰਦਪੁਰ ਸਾਹਿਬ ਜਾਵਾਂਗਾ, ਅੰਮ੍ਰਿਤ ਛਕਾਂਗਾ ਤੇ ਸਿੰਘ ਸਜਾਂਗਾ।

ਲਛਮੀ: (ਘਬਰਾਹਟ ਵਿੱਚ) ਸਿੰਘ? ਤੂੰ ਸਿੰਘ ਨਹੀਂ ਸਜੇਂਗਾ।

ਚਰਨ ਦਾਸ: ਸਿੰਘ ਸਜਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ।

ਲਛਮੀ: ਸਿੰਘ ਸੱਜਣਾ ਤਾਂ ਅਪਣੀ ਮੌਤ ਨੂੰ ਵਾਜ ਮਾਰਨ ਵਾਲੀ ਗੱਲ ਏ। ਆ ਬੈਲ ਮੁਝੇ ਮਾਰ। ਮੈਂ ਤੈਨੂੰ ਸਿੰਘ ਨਹੀਂ ਸਜਣ ਦੇਵਾਂਗੀ।

ਚਰਨ ਦਾਸ: ਮਾਂ, ਤੂੰ ਮੈਨੂੰ ਅਸੀਸ ਦੇ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਾਂ, ਸਿੰਘ ਸੱਜਾਂ ਤੇ ਮੌਤ ਨੂੰ ਮਖੌਲਾਂ ਕਰਾਂ।

ਗੀਤ ਦੀ ਆਵਾਜ਼: ਮੌਤ ਨੂੰ ਮਖੌਲਾ ਪਏ ਕਰਦੇ
ਲਾਡਲੇ ਗੋਬਿੰਦ ਦੇ।

ਚਰਨ ਦਾਸ: ਮੈਂ ਜਾ ਰਿਹਾ ਮਾਂ। ਹੁਣ ਮੈਂ ਗਿੱਦੜ ਤੋਂ ਸ਼ੇਰ ਬਣ ਕੇ ਹੀ ਆਵਾਂਗਾ ਤੇ ਫਿਰ ਆਪਾਂ ਧੌਣ ਉੱਚੀ ਕਰਕੇ ਸ਼ਾਨ ਨਾਲ ਜੀਵਾਂਗੇ। (ਜਾਂਦਾ ਹੈ)

ਲਛਮੀ: (ਪਿਛੋਂ ਆਵਾਜ਼ ਦਿੰਦੀ ਹੋਈ) ਵੇ ਪੁੱਤਰ, ਵੇ ਪੁੱਤਰ! ਹਾਏ ਮੈਂ ਮਰ ਗਈ। ਹੁਣ ਕੀ ਹੋਵੇਗਾ? ਹੇ ਰਾਮ, ਇਸ ਮੁੰਡੇ ਨੂੰ ਕੀ ਹੋ ਗਿਐ? ਇਹਨੇ ਮੇਰੀ ਇੱਕ ਨਹੀਂ ਸੁਣੀ। (ਇਕਬਾਲ ਆਉਂਦਾ ਹੈ)

ਇਕਬਾਲ: ਮਾਈ ਕਿਹਨੇ ਤੇਰੀ ਇੱਕ ਨਹੀਂ ਸੁਣੀ?

ਲੱਛਮੀ: (ਗੱਲ ਪਰਤਾਉਂਦੀ ਹੋਈ) ਉਹਨੂੰ ਕਿਹਾ ਸੀ ਆਹ ਦੁੱਧ ਲਿਜਾ ਕੇ ਪਿੱਪਲ ਤੇ ਰੁੱਖ ਨੂੰ ਪਾ ਆ, ਪਰ ਮੰਨਿਆ ਈ ਨਹੀਂ।

ਇਕਬਾਲ: ਦੁੱਧ? ਮਾਈ ਤੇਰਾ ਸਿਰ ਫਿਰ ਗਿਆ ਜਾਪਦੈ। ਪਿੱਪਲ ਨੂੰ ਦੁੱਧ ਪਿਆ ਰਹੀ ਏਂ। ਇੱਥੇ ਸੁੱਕੀਆਂ ਰੋਟੀਆਂ ਪਾੜ ਪਾੜ ਬੰਦਿਆਂ ਨੂੰ ਖੁਸ਼ਕੀ ਹੋਈ ਫਿਰਦੀ ਏ ਤੇ ਆਹ ਪਾਗਲ ਮਾਈ ਪਿੱਪਲ ਦੀ ਖੁਸ਼ਕੀ ਦੂਰ ਪਈ ਕਰਦੀ ਏ। ਮਾਈ! ਦੁੱਧ ਇਧਰ ਕਰ।

ਲਛਮੀ: ਇਹ ਤਾਂ ਪੂਜਾ ਲਈ ਏ।

ਇਕਬਾਲ: ਕਿਹੜੀ ਪੂਜਾ? (ਹੱਸਦਾ ਹੈ ਤੇ ਲੱਛਮੀ ਕੋਲੋਂ ਗੜਵੀ ਖੋਹ ਲੈਂਦਾ ਹੈ) ਪਹਿਲਾਂ ਪੇਟ ਪੂਜਾ ਤੇ ਫਿਰ ਕੰਮ ਦੂਜਾ। (ਦੁੱਧ ਪੀਂਦਾ ਹੈ) ਰਾਤ ਦੀ ਸ਼ਾਹੀ ਸ਼ਰਾਬ ਘੁੱਟ ਜ਼ਿਆਦਾ ਪੀਤੀ ਗਈ ਸੀ, ਪੂਰੇ ਜਿਸਮ ਨੂੰ ਭਾਣ ਪੈ ਰਹੀ ਸੀ। ਹੁਣ ਆਇਐ ਮਜਾ, ਫਿਰ ਗਿਐ ਨਾੜਾਂ ਵਿੱਚ ਧੁਰ ਤੱਕ। ਮਾਈ! ਮੈਂ ਤੁਹਾਡੇ ਘਰ ਵੱਲ ਈ ਜਾ ਰਿਹਾ ਸੀ।

ਲਛਮੀ: ਸਾਡੇ ਵੱਲ? ਸਾਡੇ ਨਾਲ ਕੀ ਕੰਮ ਹੋ ਸਕਦੈ?

ਇਕਬਾਲ: ਮਾਈ ਤੂੰ ਘਬਰਾ ਕਿਉਂ ਰਹੀ ਏਂ, ਤੂੰ ਖੁਸ਼ ਹੋ। ਸਰਕਾਰ ਤੁਹਾਡੇ ਤੇ ਮਿਹਰਬਾਨ ਹੋ ਗਈ ਏ।

ਲਛਮੀ: ਸਾਡੇ ਤੇ?....ਗੱਲ ਕੀ ਏ?

ਇਕਬਾਲ: ਤੁਹਾਡੀ ਛੋਹਰੀ ਦਾ ਨਾਂ ਰਾਧਾ ਏ ਨਾ?

ਲਛਮੀ: ਹਾਂ....ਪਰ?

ਇਕਬਾਲ: ਮੁਬਾਰਕ ਹੋਵੇ। ਰਾਧਾ ਤੇ ਮੁਕੱਦਮ ਹਜ਼ੂਰ ਮਿਹਰਬਾਨ ਹੋ ਗਏ ਨੇ।



ਲਛਮੀ: (ਚੀਖਦੀ ਹੋਈ) ਨਹੀਂ ਨਹੀਂ, ਇਹ ਨਹੀਂ ਹੋ ਸਕਦਾ।

ਇਕਬਾਲ: ਹੋਵੇਗਾ ਉਹੀ ਜੋ ਮੁਕੱਦਮ ਦੀ ਜੁਬਾਂ ਤੋਂ ਬੋਲ ਨਿਕਲ ਗਿਆ। ਤੁਹਾਡੇ ਦਿਨ ਫਿਰ ਗਏ ਸਮਝੋ, ਛੋਹਰੀ ਤੋਰ ਦਿਉ ਤੇ ਸ਼ਾਹੀ ਦਰਬਾਰ ਉੱਚੇ ਉੱਚੇ ਅਹੁਦੇ ਹਾਸਲ ਕਰੋ।

ਲੱਛਮੀ: (ਰੋਣਹਾਕੀ ਹੋਈ) ਸਾਨੂੰ ਅਹੁਦੇ ਨਹੀਂ ਚਾਹੀਦੇ, ਸਾਨੂੰ ਇਜ਼ਤ ਚਾਹੀਦੀ ਏ।

ਇਕਬਾਲ: ਹਜ਼ੂਰ ਇਸ ਤੋਂ ਵੱਧ ਹੋਰ ਕਿੰਨੀ ਕੁ ਇਜ਼ਤ ਬਖਸ਼ ਸਕਦੇ ਨੇ? ਮੁਕੱਦਮ ਦਾ ਹੁਕਮ ਏ ਕਿ ਦਸ ਦਿਨ ਦੇ ਅੰਦਰ ਅੰਦਰ ਰਾਧਾ ਨੂੰ ਸ਼ਾਹੀ ਮਹਿਲਾਂ ਵਿੱਚ ਪਹੁੰਚਾ ਦਿੱਤਾ ਜਾਵੇ, ਨਹੀਂ ਤਾਂ ਅੰਜ਼ਾਮ ਬਹੁਤ ਬੁਰਾ ਹੋਵੇਗਾ। ਸਮਝੀ?

(ਜਾਂਦਾ ਹੈ, ਰਾਧਾ ਦਾ ਮਸੂਮ ਚਿਹਰਾ ਲਛਮੀ ਦੀਆਂ ਅੱਖਾਂ ਅੱਗੇ ਆ ਜਾਂਦਾ ਹੈ। ਰਾਧਾ ਕਰੁਣਾਮਈ ਅਵਸਥਾ ਵਿੱਚ ਗੀਤ ਗਾ ਰਹੀ ਪ੍ਰਤੀਤ ਹੁੰਦੀ ਹੈ) ਹਾਏ ਨੀ ਮਾਏ ਮੇਰੀਏ, ਜਰਾ ਵੇਖ ਧੀਆਂ ਦਾ ਹਾਲ ਨੀਂ। ਮੈਂ ਕਿਵੇਂ ਉੱਡਾਂ ਅਸਮਾਨੀਂ, ਉਹ ਵੇਖ ਵਿਛਾਤਾ ਜਾਲ ਨੀਂ। ਦਿਲ ਦੀਆਂ ਦਿਲ ਵਿੱਚ ਰਹਿ ਗਈਆਂ, ਮੈਂ ਹੋਈ ਹਾਲੋਂ ਬੇਹਾਲ ਨੀਂ।

ਲਛਮੀ: (ਆਪਣੇ ਆਪ ਨਾਲ) ਹੇ ਰਾਮ! ਇਹ ਅਨਰਥ ਏ, ਘੋਰ ਅਨਰਥ ਏ। ਮੇਰੀ ਰਾਧਾ ਸੋਲ੍ਹਾਂ ਵਰਿਆਂ ਦੀ ਮੁਟਿਆਰ ਤੇ ਉਹ ਪੰਜਾਹ ਸਾਲਾਂ ਦਾ ਬੁੱਢਾ ਰਾਖਸ਼। ਤੇਰਾ ਕੱਖ ਨਾ ਰਹੇ ਜਾਲਮਾ। ਤੇਰੀ ਟੀਰੀ ਨਜ਼ਰ ਮੇਰੀ ਗਊ ਪੁੱਤਰੀ ਤੇ ਪੈ ਗਈ। ਰਾਧਾ! ਤੇਰੀ ਸੁੰਦਰਤਾ ਹੀ ਤੇਰੀ ਦੁਸ਼ਮਣ ਹੋ ਗਈ। ਤੇਰਾ ਵਿਆਹ ਤਾਂ ਮੈਂ ਬੜੇ ਚਾਵਾਂ ਨਾਲ ਕਰਨਾ ਸੀ ਤੇਜੂ ਨਾਲ। ਕਿੰਨਾ ਭਲਾ ਮੁੰਡਾ ਏ! ਕਿੰਨਾ ਧਰਮੀ ਮੁੰਡਾ ਏ! ਕਿਥੇ ਤੇਜੂ ਤੇ ਕਿਥੇ ਆਹ ਬੁੱਢਾ ਘੋੜਾ। ਇਹਦੀ ਸੜ ਗਈ ਸ਼ਰਮ, ਇਹਦੇ ਅਪਣੇ ਬਚੜੇ ਜਵਾਨ ਹੋਏ ਨੇ, ਫਿਰ ਵੀ ਲੋਕਾਂ ਦੀਆਂ ਧੀਆਂ ਨੂੰ ਜਬਰੀ ਵਿਆਹ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਬਰਬਾਦ ਕਰੀ ਜਾਂਦੈ। ਹੇ ਰਾਮ! ਅਸੀਂ ਕੀ ਕਰੀਏ? ਤੂੰ ਈ ਸੁਣ ਸਾਡੀ ਗਰੀਬਾਂ ਦੀ, ਅਸੀਂ ਲੁੱਟੇ ਗਏ। (ਸੁਰਜਨ ਦੌੜਿਆ ਹੋਇਆ ਆਉਂਦਾ ਹੈ)

ਸੁਰਜਨ: ਓ ਮੈਂ ਲੁੱਟਿਆ ਗਿਆ, ਮੈਂ ਉਜੜ ਗਿਆ।

ਲਛਮੀ: ਹੋਇਆ ਕੀ?

ਸੁਰਜਨ: ਮੇਰੀ ਹੱਟੀ ਗਈ ਲੁੱਟੀ। ਦੋ ਸਿਪਾਹੀ ਧੱਕੇ ਨਾਲ ਮੇਰੀ ਹੱਟੀ ਵਿੱਚ ਵੜ੍ਹ ਗਏ ਤੇ ਚਾਂਦੀ ਦੇ ਸਾਰੇ ਸਿੱਕੇ ਲੈ ਗਏ। ਮੈਂ ਕੰਗਾਲ ਹੋ ਗਿਆ ਲੋਕੋ!

ਲਛਮੀ: ਇਹ ਪੁੱਠੇ ਦਿਨਾਂ ਦਾ ਗੇੜ ਏ। ਜਦ ਦਿਨ ਮਾੜੇ ਹੋਣ ਤਾਂ ਇਵੇਂ ਈ ਹੁੰਦੈ।

ਸੁਰਜਨ: ਮਾੜਿਆਂ ਵਰਗੇ ਮਾੜੇ ਦਿਨ ਆ ਗਏ। ਮੈਨੂੰ ਲੱਖ ਤੋਂ ਕੱਖ ਕਰ ਛੱਡਿਐ ਉਨ੍ਹਾਂ ਬੁਰਸ਼ਿਆਂ ਨੇ। ਰੱਬਾ! ਕੱਢ ਲੈ ਜਾਨ, ਪੈਸੇ ਬਿਨਾਂ ਬੰਦਾ ਕਾਹਦਾ। ਮੈਂ ਬਥੇਰੇ ਤਰਲੇ ਮਾਰੇ ਓ ਸਿਪਾਹੀਓ, ਮੈਨੂੰ ਭਾਵੇਂ ਜਿੰਨਾ ਮਰਜੀ ਕੁੱਟ ਲਓ ਪਰ ਮੇਰੀ ਮਾਇਆ ਨਾ ਲੁੱਟੋ। ਉਨ੍ਹਾਂ ਮੈਨੂੰ ਤਾਂ ਹੱਥ ਨਾ ਲਾਇਆ ਪਰ ਸਾਰੀ ਮਾਇਆ ਨੂੰ ਹੱਥ ਫੇਰ ਗਏ।

ਲਛਮੀ: ਮਾਇਆਂ ਤਾਂ ਢਲਦਾ ਪਰਛਾਵਾਂ ਏ, ਫਿਰ ਵੀ ਆ ਜਾਏਗੀ। ਈਸ਼ਵਰ ਦਾ ਸ਼ੁਕਰ ਏ ਤੁਸੀਂ ਤਾਂ ਬਚ ਗਏ।

ਸੁਰਜਨ: ਮੈਂ ਬਚ ਕੇ ਕਿਹੜਾ ਕਿਲੇ ਜਿੱਤਣੇ ਨੇ। ਮੈਂ ਕੀ ਕਰਾਂਗਾ? ਰੱਬਾ! ਮੈਂ ਜ਼ਰੂਰ ਪਾਗਲ ਹੋ ਜਾਵਾਂਗਾ।

ਲਛਮੀ: ਤੁਸੀਂ ਕਿਉਂ ਹੋਵੋ ਪਾਗਲ। ਸ਼ੁਕਰ ਕਰੋ ਤੁਸੀਂ ਸਹੀ ਸਲਾਮਤ ਹੋ।

ਸੁਰਜਨ: ਮੈਂ ਸਹੀ ਸਲਾਮਤ ਰਹਿ ਕੇ ਕਿਹੜਾ ਮੱਖੀਆਂ ਮਾਰਨੀਆਂ ਨੇ। ਮੈਂ ਕਿਸੇ ਦਾ ਵੀ ਵਿਛੋੜਾ ਸਹਿਨ ਕਰ ਸਕਦਾਂ ਪਰ ਮਾਇਆ ਦਾ ਵਿਛੋੜਾ ਨਹੀ ਸਹਿਨ ਕਰ ਸਕਦਾ। ਮੈਨੂੰ ਸਮਝ ਨਹੀਂ ਪੈਂਦੀ ਹੁਣ ਮੇਰਾ ਕੀ ਬਣੇਂਗਾ।

(ਪਾਗਲ ਆਉਂਦਾ ਹੈ)

ਪਾਗਲ: ਤੂੰ ਹੁਣ ਬੰਦਾ ਦਾ ਪੁੱਤ ਬਣੇਂਗਾ। ਹੀਂ ਹੀਂ ਹੀਂ, ਮੱਥੇ ਤੇ ਹੱਥ ਧਰੇਂਗਾ ਤੇ ਮਾਇਆ ਦੀ ਰੇਖਾ ਨੂੰ ਘੂਰੇਂਗਾ।

ਸੁਰਜਨ: ਕੀ ਬਕੜਵਾਹ ਕਰ ਰਿਹੈਂ?

ਪਾਗਲ: ਤੇਰੀ ਹੱਟੀ ਗਈ ਲੁੱਟੀ, ਮੈਂ ਮੌਜ ਕਰ ਰਿਹਾਂ ਤੇ ਤੂੰ ਵੀ ਮੌਜ ਕਰ।

ਸੁਰਜਨ: (ਗੁੱਸੇ ਵਿੱਚ) ਮੈਂ ਕਾਹਦੀ ਮੌਜ ਕਰਾਂ?

ਪਾਗਲ: ਮੌਜ ਕਰ ਤੇਰੀ ਬੇਇਮਾਨੀ ਦੀ ਕਮਾਈ ਤੇਰੇ ਕੋਲ ਨਹੀਂ ਰਹੀ। ਤੂੰ ਸੁਰਖ਼ਰੂ ਹੋ ਗਿਐਂ ਸੁਰਖ਼ਰੂ।

ਸੁਰਜਨ: ਮੈਂ ਕਿਹੜੀ ਬੇਈਮਾਨੀ ਕੀਤੀ ਏ?

ਪਾਗਲ: ਯਾਦ ਕਰ ਜਦੋਂ ਚੁੰਗ ਨੂੰ ਠੁੰਗ ਮਾਰਦਾ ਸੀ ਤੇ ਨਾਲ ਈ ਗਾਹਕ ਦੇ ਧਰਨ ਪਾ ਦਿੰਦਾ ਸੀ। ਪਾਸਕੂ ਵਾਲੀ ਤੱਕੜੀ ਜ਼ਿੰਦਾਬਾਦ, ਪਾਸਕੂ ਵਾਲੀ ਤੱਕੜੀ ਜ਼ਿੰਦਾਬਾਦ।

ਸੁਰਜਨ: ਚੁੱਪ ਕਰ ਉਏ ਪਾਗਲਾ।

ਪਾਗਲ: ਨਹੀਂ ਹੁੰਦਾ ਚੁੱਪ। ਕੀ ਕਰ ਲਵੇਂਗਾ, ਮੇਰੇ ਮੂੰਹ ਤੇ ਛਿੱਕਾ ਚਾੜ੍ਹ ਦੇਵੇਂਗਾ?

ਸੁਰਜਨ: ਫਿਰ ਪਾਈ ਜਾ ਰੌਲਾ ਗਲੀ ਗਲੀ, ਮੂਰਖ ਕਿਸੇ ਥਾਂ ਦਾ।

ਪਾਗਲ: ਤੂੰ ਤਾਂ ਬੜਾ ਈ ਸਿਆਣਾ ਏਂ। ਵੇਸਣ ਵਿੱਚ ਮੱਕੀ ਦਾ ਆਟਾ ਬੁੱਕਾਂ ਭਰ ਭਰ ਮਿਲਾਉਂਦਾ ਰਿਹੈਂ ਤੇ ਮਸਾਲੇ ਵਿੱਚ ਘੋੜਿਆਂ ਦੀ ਲਿੱਦ। ਵਾਰੇ ਜਾਈਏ ਤੇਰੀ ਹੱਟੀ ਦੇ। ਇੱਕ ਹੋਰ ਗੱਲ



ਸੁਣ...

ਸੁਰਜਨ: ਹੋਰ ਕੋਈ ਬਾਕੀ ਰਹਿ ਗਈ ਏ?

ਪਾਗਲ: ਬੇਈਮਾਨੀ ਛੱਡ ਦੇ, ਨਹੀਂ ਤਾਂ....

ਸੁਰਜਨ: ਕੀ ਹੋ ਜਾਵੇਗਾ?

ਪਾਗਲ: ਨਹੀਂ ਤਾਂ ਧਰਮਰਾਜ ਨੇ ਤੈਨੂੰ ਲਿਟਾ ਕੇ ਜ਼ਮੀਨ ਤੇ ਗੋਡੇ ਮਾਰ ਮਾਰ ਤੇਰੀ ਭੁਗਤ ਸੰਵਾਰ ਦੇਣੀ ਏ।

ਸੁਰਜਨ: ਵੇਖ ਲਵਾਂਗਾ ਧਰਮ ਰਾਜ ਨੂੰ ਵੀ।

ਪਾਗਲ: (ਹੱਸਦਾ ਹੋਇਆ) ਜਿਵੇਂ ਅੱਜ ਦੋ ਸਿਪਾਹੀਆਂ ਨੂੰ ਵੇਖ ਲਿਐ। ਬਣ ਜਾ ਇਮਾਨਦਾਰ, ਨਹੀਂ ਤਾਂ ਨਾ ਸਹੀ। ਤੂੰ ਵੀ ਸੱਚਾ ਏਂ, ਤੈਨੂੰ ਇਮਾਨਦਾਰੀ ਦੀ ਰੋਟੀ ਤਾਂ ਪੱਚਦੀ ਨਹੀਂ। ਬੇਈਮਾਨੀ ਜ਼ਿੰਦਾਬਾਦ, ਬੇਈਮਾਨੀ ਜ਼ਿੰਦਾਬਾਦ...(ਉੱਚੀ ਉੱਚੀ ਬੋਲਦਾ ਚਲਾ ਜਾਂਦਾ ਹੈ)

ਸੁਰਜਨ: (ਪਸੀਨਾ ਪੂੰਝਦਾ ਹੋਇਆ) ਇੱਕ ਮਾਇਆ ਵੱਲੋਂ ਨੰਗ ਹੋ ਗਏ ਆਂ ਤੇ ਦੂਜਾ ਇਹ ਪਾਗਲ ਨੇ ਸਾਰੇ ਪਰਦੇ ਜ਼ਾਹਰ ਕਰ ਦਿੱਤੇ ਨੇ। ਤੂੰ ਕਿਉਂ ਘਬਰਾਈ ਏਂ? ਸਦਮਾ ਤਾਂ ਮੈਨੂੰ ਲੱਗੇ ਜਿਹਦੇ ਵੇਖਦੇ ਵੇਖਦੇ ਝੁੱਗਾ ਚੌੜ ਹੋ ਗਿਐ। ਤੈਨੂੰ ਕੀ ਹੋ ਗਿਐ?

ਲਛਮੀ: ਸਾਡੇ ਤੇ ਦੁੱਖਾਂ ਦਾ ਪਹਾੜ ਟੁੱਟ ਪਿਐ।

ਸੁਰਜਨ: ਇਹਦੇ ਵਿੱਚ ਕਿਹੜਾ ਸ਼ੱਕ ਏ, ਹੱਟੀ ਗਈ ਤਾਂ ਬਚਿਆ ਕੀ, ਜੂੰਆਂ!

ਲਛਮੀ: ਹੋਰੀ ਨੂੰ ਹੋਰੀ ਨਾਲ, ਅੰਨੇ ਨੂੰ ਡੰਗੋਰੀ ਨਾਲ। ਤੈਨੂੰ ਹੱਟੀ ਦੀ ਪਈ ਏ, ਇਧਰ ਮੇਰੀ ਜਾਨ ਨੂੰ ਡੋਬੂ ਪੈ ਰਹੇ ਨੇ ਰਾਧਾ ਬਾਰੇ ਸੋਚ ਸੋਚ ਕੇ।

ਸੁਰਜਨ: ਰਾਧਾ ਨੂੰ ਕੀ ਹੋਇਐ? ਚੰਗੀ ਭਲਾ ਤਾਂ ਹੈਗੀ ਏ।

ਲਛਮੀ: (ਰੋਂਦੀ ਹੋਈ) ਮੁਕੱਦਮ ਦੀ ਕਮੀਨੀ ਨਿਗਾਹ ਸਾਡੀ ਬੱਚੀ ਤੇ ਪੈ ਗਈ ਏ.... ਉਹਨੇ ਸੁਨੇਹਾ ਭੇਜਿਐ....ਹਾਏ ਰਾਮ ਕਿਵੇਂ ਦੱਸਾਂ...

ਸੁਰਜਨ: (ਸਾਰੀ ਗੱਲ ਸਮਝਦਾ ਹੋਇਆ) ਇਹ ਕੀ ਹੋ ਗਿਐ? ਹੇ ਰੱਬਾ! ਅੱਜ ਤੂੰ ਮੇਰੇ ਕੋਲੋਂ ਈ ਬਦਲੇ ਲੈਣੇ ਸੀ, ਤੈਨੂੰ ਹੋਰ ਕੋਈ ਬੰਦਾ ਨਹੀਂ ਲੱਭਾ।

ਲਛਮੀ: ਕੀ ਥੁੜ੍ਹਿਆ ਏ ਇਸ ਜ਼ਿੰਦਗੀ ਤੋਂ। ਮੈਨੂੰ ਤੇ ਰਾਧਾ ਨੂੰ ਜ਼ਹਿਰ ਦੇ ਦੇ।

ਸੁਰਜਨ: ਜ਼ਹਿਰ ਵੀਲ ਸ਼ੀਸ਼ੀ ਤਾਂ ਮੈਂ ਆਪ ਪੀ ਗਿਆ ਸੀ ਜਦ ਮੇਰੀ ਹੱਟੀ ਲੁੱਟੀ ਗਈ।

ਲਛਮੀ: ਤੁਸੀਂ ਪੀ ਗਏ? ਤੁਸੀਂ ਤਾਂ ਠੀਕ...

ਸੁਰਜਨ: ਜ਼ਹਿਰ ਮਿਲਾਵਟ ਵਾਲਾ ਸੀ, ਤਾਂ ਹੀ ਬਚ ਗਿਆ। ਲਛਮੀ,

ਆਪਣਾ ਚਰਨਦਾਸ ਕਿਥੇ ਵੇ?

ਲਛਮੀ: ਉਹ ਚਲਾ ਗਿਐ ਆਨੰਦਪੁਰ ਸਾਹਬ।

ਸੁਰਜਨ: (ਹੈਰਾਨ ਹੁੰਦਾ ਹੋਇਆ) ਆਨੰਦਪੁਰ ਸਾਹਬ?

ਲਛਮੀ: ਹਾਂ, ਕਹਿੰਦਾ ਸੀ ਮੈਂ ਸਿੰਘ ਸੱਜਣ ਚੱਲਿਆਂ।

ਸੁਰਜਨ: ਉਹਦਾ ਦਿਮਾਗ ਖਰਾਬ ਹੋ ਗਿਐ?

ਲਛਮੀ: ਕਹਿੰਦਾ ਸੀ, ਮੈਂ ਗੁਲਾਮ ਨਹੀਂ ਰਹਿ ਸਕਦਾ।

ਸੁਰਜਨ: (ਮੱਥੇ ਤੇ ਹੱਥ ਮਾਰਦਾ ਹੋਇਆ) ਓ ਹੋ ਨਲੈਕ ਔਲ ਦੇ, ਤੂੰ ਆਹ ਕੀ ਕੀਤੈ। ਮੇਰਾ ਦਿਲ ਘੱਟ ਰਿਹੈ, ਕਿਤੇ ਮੈਨੂੰ ਦੌਰਾ ਈ ਨਾ ਪੈ ਜਾਏ। ਨੀ ਮੂਰਖੇ! ਤੂੰ ਮੁੰਡੇ ਨੂੰ ਰੋਕਣਾ ਸੀ।

ਲਛਮੀ: ਬਥੇਰਾ ਰੋਕਿਆ, ਪਰ ਨਹੀਂ ਰੁਕਿਆ।

ਸੁਰਜਨ: ਉਹ ਜ਼ਰੂਰ ਮੇਰੇ ਸਿਰ ਤੇ ਸਾਰੇ ਵਾਲ ਪੁਟਾ ਕੇ ਛੱਡੇਗਾ। ਕਿਸੇ ਨੂੰ ਪਤਾ ਲੱਗ ਗਿਆ ਤਾਂ ਸਰਕਾਰ ਦਾ ਸਾਰਾ ਕਹਿਰ ਸਾਡੇ ਤੇ ਵਰ ਜਾਵੇਗਾ। ਓ ਨਲੈਕਾ! ਤੂੰ ਸਿੰਘ ਸਜੇਂਗਾ, ਬਾਣੀਏ ਦਾ ਪੁੱਤਰ ਹੋ ਕੇ ਤਲਵਾਰ ਫੜੇਂਗਾ। ਤੂੰ ਆਪ ਤਾਂ ਭੰਗ ਦੇ ਭਾੜੇ ਜ਼ਿੰਦਗੀ ਗਵਾਈ ਦੇਵੇਂਗਾ ਤੇ ਨਾਲ ਸਾਨੂੰ ਵੀ ਮਰਵਾ ਕੇ ਛੱਡੇਂਗਾ।

ਲਛਮੀ: ਸਾਨੂੰ ਕੀ ਮਰਵਾ ਛੱਡੇਗਾ, ਅੱਗੇ ਅਸੀਂ ਕਿਹੜਾ ਜੀਂਦੇ ਆਂ। ਚਰਨਦਾਸ ਨੇ ਚੰਗਾ ਈ ਕੀਤੈ ਆਨੰਦਪੁਰ ਜਾ ਕੇ।

ਸੁਰਜਨ: ਸਵਾਹ ਚੰਗਾ ਕੀਤੈ ਉਹਨੇ। ਹੁਣ ਸਿਪਾਹੀ ਮੈਨੂੰ ਫੜ ਕੇ ਘਸੀਟਣਗੇ ਘੋੜਿਆਂ ਮਗਰ ਬੰਨ ਕੇ।

ਲਛਮੀ: ਕਿਉਂ ਲਿਲੜੀਆਂ ਕੱਢਦਾ ਏਂ। ਮੈਂ ਤਾਂ ਕਹਿਣੀ ਆਂ ਤੂੰ ਵੀ ਤਲਵਾਰ ਫੜ ਤੇ ਆਪਣੀ ਇਜ਼ਤ ਦੀ ਰੱਖਿਆ ਕਰ।

ਸੁਰਜਨ: ਮੈਂ ਤਲਵਾਰ ਫੜਾਂ ?

ਲਛਮੀ: ਤੂੰ ਬੰਦਾ ਨਹੀਂ ਸਮਝਦਾ ਆਪਣੇ ਆਪ ਨੂੰ?

ਸੁਰਜਨ: ਮੇਰੇ ਕੋਲੋਂ ਤਲਵਾਰ ਕਿਥੇ ਫੜੀ ਜਾਣੀ ਏ। ਜਿਸ ਬੰਦੇ ਨੇ ਸਾਰੀ ਉਮਰ ਪਾਸਕੂ ਵਾਲੀ ਤੱਕੜੀ ਚੁੱਕੀ ਹੋਵੇ, ਉਹ ਭਲਾ ਤਲਵਾਰ ਕਿਵੇਂ ਫੜੇਗਾ।
(ਫੈਸਲਾ ਕੁੰਨ ਆਵਾਜ਼ ਵਿੱਚ) ਇਹ ਨਹੀਂ ਹੋ ਸਕਦਾ।

ਲਛਮੀ: (ਤਾਅਨਾ ਮਾਰਦੀ ਹੋਈ) ਫਿਰ ਚੂੜੀਆਂ ਪਾ ਕੇ ਬਾਹਵਾਂ ਵਿੱਚ, ਘਰ ਬਹਿ ਜਾ ਭੋਰੇ ਵਿੱਚ।

ਸੁਰਜਨ: ਚੂੜੀਆਂ ਪਾ ਲਵਾਂਗਾ ਪਰ ਤਲਵਾਰ ਨਹੀਂ ਫੜਾਂਗਾ।
(1 ਅਤੇ 2 ਆਉਂਦੇ ਹਨ)

1: ਤੇਰੇ ਵੱਸ ਦਾ ਰੋਗ ਨਹੀਂ ਤਲਵਾਰ ਫੜਨਾ।

2: ਤੇਰੇ ਵੱਸ ਦਾ ਰੋਗ ਨਹੀਂ ਦੁਸ਼ਮਣ ਨਾਲ ਲੜਨਾ।

1: ਤੇਰੇ ਵੱਸ ਦਾ ਰੋਗ ਨਹੀਂ ਆਪਣੀ ਰੱਖਿਆ ਕਰਨਾ।



2: ਸ਼ਾਹੀ ਸੈਨਿਕਾਂ ਦੇ ਚਿਹਰੇ ਤੇ ਕਿੰਨਾ ਜਲਾਲ ਹੁੰਦੈ।

1: ਗੁੱਸੇ ਵਿੱਚ ਉਨ੍ਹਾਂ ਦਾ ਮੂੰਹ ਕਿੰਨਾ ਲਾਲ ਹੁੰਦੈ।

2: ਉਨ੍ਹਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਦੇ ਨੇ।

1: ਉਹ ਜਿਧਰ ਜਾਂਦੇ ਨੇ, ਹਨੇਰੀ ਆ ਜਾਂਦੀ ਹੈ।

2: ਚਾਰੇ ਪਾਸੇ ਸੰਨਾਟਾ ਛਾ ਜਾਂਦੈ।

1: ਲੋਕ ਡਰ ਕੇ ਅੰਦਰ ਵੜ ਜਾਂਦੇ ਨੇ ਰਜਾਈ ਵਿੱਚ।

2: ਉਨ੍ਹਾਂ ਦੀਆਂ ਅੱਖਾਂ ਵਿੱਚੋਂ ਨਿਕਲਦੇ ਨੇ ਚੰਗਿਆੜੇ।

1: ਉਹਨੇ ਸ਼ਕਤੀਸ਼ਾਲੀ ਤੇ ਅਸੀਂ ਆਂ ਬੜੇ ਈ ਮਾੜੇ।

ਸੁਰਜਨ: ਬੰਦੇ ਦੋਵੇ ਈ ਬੜੇ ਸਮਝਦਾਰ ਨੇ। ਗੱਲ ਬੜੀ ਪਤੇ ਦੀ ਕਰਦੇ ਨੇ।

ਲਛਮੀ: ਤੁਸੀਂ ਸਾਰੇ ਖਾਈ ਜਾਓ ਜੁੱਤੀਆਂ ਸਿਰ ਵਿੱਚ। ਮਰਦ ਬਣੋ ਤੇ ਜ਼ਾਲਮ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿਓ।

1: (ਲੱਛਮੀ ਤੋਂ ਪ੍ਰਭਾਵਿਤ ਹੋ ਕੇ) ਗੱਲ ਕੁੱਝ ਜਚੀ ਜ਼ਰੂਰ ਏ, ਮੇਰੇ ਵੀ ਡੋਲੇ ਫਰਕਣ ਲੱਗੇ ਨੇ।

2: (ਸਹਿਮਤ ਹੁੰਦਾ ਹੋਇਆ) ਜ਼ਾਲਮ ਨੂੰ ਐਸਾ ਕਰਾਰਾ ਜਵਾਬ ਦੇਈਏ ਕਿ ਜਿਹੜਾ ਅੱਖ ਸਾਨੂੰ ਘੂਰੇ, ਉਹ ਅੱਖ ਈ ਕੱਢ ਦੇਈਏ।

ਸੁਰਜਨ: ਹੋਸ਼ ਕਰੋ ਧੰਨੇ ਦੀ ਕੁੜੀ ਚੁੱਕ ਕੇ ਲੈ ਗਏ। ਅਸੀਂ ਕੀ ਕਰ ਲਿਆ? ਅਸੀਂ ਵੇਖਦੇ ਰਹਿ ਗਏ।

ਲਛਮੀ: ਦੋ ਸਿਪਾਹੀ ਆਏ ਤੇ ਕੁੜੀ ਚੁੱਕ ਕੇ ਲੈ ਗਏ। ਅਸੀਂ ਮੁਹੱਲੇ ਵਾਲੇ ਸਾਰੇ ਕੁੱਝ ਨਾ ਕਰ ਸਕੇ। ਜੇ ਸਾਰੇ ਕੱਠੇ ਹੋ ਕੇ ਪੈ ਜਾਂਦੇ ਤਾਂ ਵਿਚਾਰੇ ਧੰਨੇ ਦੀ ਇਜ਼ਤ ਰਹਿ ਜਾਂਦੀ।

ਸੁਰਜਨ: ਪਰ ਸੱਪ ਦੀ ਖੁੱਡ ਵਿੱਚ ਕੌਣ ਹੱਥ ਪਾਉਂਦਾ?

ਲਛਮੀ: ਸੱਪ ਦੀ ਧੌਣ ਨੂੰ ਮਸਲਿਆ ਵੀ ਜਾ ਸਕਦੈ।

1: ਇਸ ਤਰ੍ਹਾਂ ਕਰਨ ਵਾਸਤੇ ਸਾਨੂੰ ਕੱਠੇ ਹੋਣ ਦੀ ਲੋੜ ਏ। ਕੱਠ,ਲੋਹੇ ਦੀ ਲੱਠ।

2: ਹਾਂ, ਵੱਖ ਵੱਖ ਹੋਵਾਂਗੇ ਤਾਂ ਕੁੱਟ ਖਾਵਾਂਗੇ। ਕੱਠੇ ਹੋਵਾਂਗੇ ਤਾਂ ਜਾਬਰ ਨੂੰ ਮਜ਼ਾ ਚਖਾਵਾਂਗੇ। ਗੁਰੂ ਗੋਬਿੰਦ ਸਿੰਘ ਨੇ ਕਿਹੈ- ਜਿੰਨਾ ਕਸੂਰ ਜ਼ੁਲਮ ਕਰਨ ਵਾਲੇ ਦਾ ਏ, ਉਨ੍ਹਾਂ ਈ ਜ਼ੁਲਮ ਸਹਿਣ ਕਰਨ ਵਾਲੇ ਦਾ ਏ। ਗੁਰੂ ਜੀ ਦੀ ਖਾਲਸਾ ਫੌਜ ਪਾਪੀਆਂ ਨੂੰ ਸਜ਼ਾ ਜ਼ਰੂਰ ਦੇਵੇਗੀ।

ਗੀਤ ਦੀ ਆਵਾਜ਼: ਤੇਰੇ ਖਾਲਸੇ ਦੀ ਅੱਡਰੀ ਸ਼ਾਨ ਜੀ, ਲੋਕ ਲੋਕ ਹੋ ਹੋ ਗਏ ਕੁਰਬਾਨ ਜੀ।

ਸੁਰਜਨ: ਸੋਚ ਲਉ, ਸੌਦਾ ਮਹਿੰਗਾ ਪਵੇਗਾ। ਇਹਦੇ ਵਿੱਚ ਨਫਾ ਕੋਈ ਨਹੀਂ, ਨੁਕਸਾਨ ਈ ਨੁਕਸਾਨ ਏ।

ਲਛਮੀ: (ਵਿਅੰਗ ਨਾਲ) ਹੂੰ, ਮੁਰਦਾ ਬੋਲੇ ਕਫਨ ਪਾੜੇ!

1: ਜ਼ਿੰਦਗੀ ਲਈ ਕੱਢਦਾ ਹਾੜੇ!

2: ਆਓ ਆਪਾਂ ਵੀ ਗੁਰੂ ਜੀ ਦੇ ਰਸਤੇ ਤੇ ਚਲੀਏ।
(1 ਅਤੇ 2 ਜਾਂਦੇ ਹਨ)

ਸੁਰਜਨ: (ਮੁਕੱਦਮ ਤੇ ਇਕਬਾਲ ਨੂੰ ਆਪਣੇ ਵੱਲ ਆਉਂਦੇ ਵੇਖ ਕੇ) ਓ ਦੇਖ, ਮੁਕੱਦਮ ਸਾਹਬ ਆ ਰਹੇ ਨੇ, ਦੱਲ ਦੌੜ ਚਲੀਏ।
(ਲਛਮੀ ਤੇ ਸੁਰਜਨ ਤੇਜ਼ ਤੇਜ਼ ਕਦਮ ਪੁੱਟਦੇ ਹੋਏ ਚਲੇ ਜਾਂਦੇ ਹਨ, ਮੁਕੱਦਮ ਤੇ ਇਕਬਾਲ ਆਉਂਦੇ ਹਨ)

ਮੁਕੱਦਮ: ਇਕਬਾਲ, ਨਗਰ ਦੀ ਕੋਈ ਤਾਜ਼ਾ ਖ਼ਬਰ?

ਇਕਬਾਲ:ਨੂੰ ਹਜ਼ੂਰ ਦੀ ਜੈ ਜੈ ਕਾਰ ਹੋ ਰਹੀ ਏ। ਜੋ ਅੜਿਆ ਸੋ ਝੜਿਆ। ਹਰ ਬੰਦੇ ਦੀ ਜ਼ੁਬਾਂ ਤੇ ਆਪਦਾ ਈ ਨਾਮ ਏ।

ਮੁਕੱਦਮ: (ਜ਼ੋਰਦਾਰ ਹਾਸਾ ਹੱਸਦਾ ਹੋਇਆ) ਕਿੰਨੇ ਕੁ ਬੰਦਿਆਂ ਨੇ ਇਸਲਾਮ ਕਬੂਲ ਕੀਤੈ? ਬਾਦਸ਼ਾਹ ਆਲਮਗੀਰ ਔਰੰਗਜੇਬ ਦਾ ਫੁਰਮਾਨ ਏ ਕਿ ਵੱਧ ਤੋਂ ਵੱਧ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾਵੇ।

ਇਕਬਾਲ: ਲੋਕ ਧੜਾ ਧੜ ਇਸਲਾਮ ਕਬੂਲ ਕਰ ਰਹੇ ਨੇ। ਹਿੰਦੂਆਂ ਉੱਪਰ ਬੰਦਸ਼ਾਂ ਐਨੀਆਂ ਸਖਤ ਲਗਾ ਦਿੱਤੀਆਂ ਨੇ ਕਿ ਉਨ੍ਹਾਂ ਲਈ ਹੋਰ ਕੋਈ ਰਾਹ ਨਹੀਂ। ਅਸੀਂ ਕਿਹੈ-ਇਸਲਾਮ ਕਬੂਲ ਕਰੋ, ਤੁਹਾਡੇ ਤੇ ਅੱਲਾ ਤਾਲਾ ਦੀ ਰਹਿਮਤ ਹੋਵੇਗੀ, ਤੁਹਾਨੂੰ ਬਹਿਸ਼ਤ ਮਿਲੇਗਾ, ਹੂਰਾਂ ਮਿਲਣਗੀਆਂ। ਪਰ ਕੋਈ ਕੋਈ ਬੰਦਾ ਜਰਾ ਕੁ....

ਮੁਕੱਦਮ: ਹੁਕਮ ਨਹੀਂ ਮੰਨਦਾ ਤਾਂ ਕੋਹੜੇ ਮਾਰ ਕੇ ਮਾਰ ਦਿਓ। ਜਦ ਬਾਜ਼ ਬਾਹਰ ਨਿਕਲ ਆ ਜਾਂਦੈ ਤਾਂ ਚਿੜੀਆਂ ਦੀ ਮੌਤ ਆ ਜਾਂਦੀ ਏ।

ਆਵਾਜ਼: ਚਿੜੀਓਂ ਸੇ ਮੈਂ ਬਾਜ਼ ਤੁੜਾਊਂ
ਤਬੈ ਗੋਬਿੰਦ ਸਿੰਘ ਨਾਮ ਕਹਾਊਂ
(ਦੋਵੇਂ ਡਰ ਕੇ ਕੰਬਣ ਲੱਗ ਪੈਂਦੇ ਹਨ)

ਮੁਕੱਦਮ: ਇਹ ਆਵਾਜ਼ ਮੈਨੂੰ ਬਹੁਤ ਪ੍ਰੇਸ਼ਾਨ ਕਰਦੀ ਏ। ਮੈਨੂੰ ਇਸ ਤਰ੍ਹਾਂ ਲਗਦੈ ਜਨਤਾ ਬਾਗੀ ਹੋ ਜਾਵੇਗੀ। ਸਾਨੂੰ ਇੱਟਾਂ ਮਾਰੇਗੀ, ਪੱਥਰ ਮਾਰੇਗੀ ਤੇ ਸਾਡੇ ਮਹਿਲਾਂ ਨੂੰ ਢਾਹ ਢੇਰੀ ਕਰ ਦੇਵੇਗੀ (ਸੰਭਲਦਾ ਹੋਇਆ) ਇਹ ਵਹਿਮ ਵੀ ਹੋ ਸਕਦੈ, ਪਰ ਇਹ ਸੱਚ ਵੀ ਹੋ ਸਕਦੈ।

ਇਕਬਾਲ: ਇਹ ਸਾਰਾ ਕਸੂਰ ਬਾਗੀ ਗੋਬਿੰਦ ਸਿੰਘ ਦਾ ਏ, ਜਿਹਨੇ ਹਰ ਐਰੇ ਗੈਰੇ ਨੂੰ ਸਿਰ ਤੇ ਚੜ੍ਹਾਂ ਦਿਤੈ।

ਮੱਕਦਮ: ਹਾਂ, ਉਹਨੇ ਮੁਗਲ ਸਲਤਨਤ ਵਿੱਚ ਆਪਣੀ ਸਲਤਨਤ



ਕਾਇਮ ਕਰ ਰੱਖੀ ਏ।

ਇਕਬਾਲ: ਉਹ ਸੰਗਤ ਦੀ ਗੱਲ ਕਰਦੈ। ਕਹਿੰਦੈ ਏ ਜਿੱਥੇ ਮਰਜੀ ਕਿਸੇ ਵਕਤ ਵੀ ਉਹਦੇ ਪੰਜ ਸਿੱਖ ਇੱਕਠੇ ਹੋ ਕੇ ਅਰਦਾਸ ਕਰਕੇ ਗੁਰੂ ਨੂੰ ਵੀ ਹੁਕਮ ਕਰਨ ਤਾਂ ਗੁਰੂ ਵੀ ਉਨ੍ਹਾਂ ਦਾ ਹੁਕਮ ਮੰਨੇਗਾ।

ਆਵਾਜ਼: ਪਰਗਟਿਉ ਮਰਦ ਅਗੰਮੜਾ ਵਰਿਆਮ ਅਕੇਲਾ
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ।
(ਮੁਕੱਦਮ ਤੇ ਇਕਬਾਲ ਦੇ ਦਿਲਾਂ ਵਿੱਚ ਹਲਚਲ ਜਿਹੀ ਮੱਚ ਜਾਂਦੀ ਏ, ਦੋਵੇਂ ਇੱਕ ਦੂਜੇ ਨਾਲ ਟਕਰਾ ਕੇ ਡਿੱਗ ਪੈਂਦੇ ਹਨ, ਘਬਰਾਹਟ ਵਿੱਚ ਖੜ੍ਹੇ ਹੁੰਦੇ ਹਨ)

ਮੁਕੱਦਮ: ਉਹ ਰਾਜਾ ਸ਼ਾਹੀ ਦੀ ਥਾਂ ਲੋਕ ਸ਼ਾਹੀ ਸਥਾਪਤ ਕਰ ਰਿਹੈ, ਇਹ ਬਹੁਤ ਬੁਰਾ ਹੋਵੇਗਾ।

ਇਕਬਾਲ: ਹਜ਼ੂਰ, ਰਾਤ ਨੂੰ ਮੈਂ ਬੜਾ ਖੌਫਨਾਕ ਸੁਫਨਾ ਵੇਖਿਆ।

ਮੁਕੱਦਮ: ਮੈਨੂੰ ਇਹ ਵੀ ਪਤੈ ਕਿ ਤੇਰਾ ਹਰ ਖਾਬ ਹਕੀਕਤ ਵਿੱਚ ਬਦਲ ਜਾਂਦੈ।

ਇਕਬਾਲ: ਡਰ ਵੀ ਇਸੇ ਕਰਕੇ ਲੱਗ ਰਿਹੈ।

ਮੁਕੱਦਮ: ਖਾਬ ਵਿੱਚ ਵੇਖਿਆ ਕੀ?

ਇਕਬਾਲ: ਮੈਂ ਵੇਖਿਆ ਲੋਕ ਉੱਚੀ ਉੱਚੀ ਬੋਲਦੇ ਪਏ ਸੀ-ਬਾਦਸ਼ਾਹਾਂ, ਅਹਿਲਕਾਰਾਂ ਤੇ ਸਿਪਾਹੀਆਂ ਦਾ ਦੌਰ ਖਤਮ ਹੋ ਗਿਐ। ਹਜ਼ੂਰ, ਉਨ੍ਹਾਂ ਮੈਨੂੰ ਕਿਹਾ-ਤੂੰ ਵੀ ਛੁੱਟੀ ਕਰ ਤੇ ਫਿਰ ਉਨ੍ਹਾਂ ਪਤੈ ਕੀ ਕੀਤਾ?

ਮੁਕੱਦਮ: ਕੀ ਕੀਤਾ? ਜਲਦੀ ਬੋਲ।

ਇਕਬਾਲ: ਉਨ੍ਹਾਂ ਧੱਕੇ ਨਾਲ ਮੇਰੀ ਵਰਦੀ ਲੁਹਾ ਲਈ ਤੇ ਮੈਂ ਨੰਗ ਧੜੰਗਾ ਘਰ ਵੱਲ ਦੌੜਿਆ ਜਾ ਰਿਹਾ ਸੀ। ਮੈਂ ਮੁਹੰਮਦ ਇਕਬਾਲ ਦੌੜਿਆ ਜਾ ਰਿਹਾ ਸੀ ਜਿਹਨੂੰ ਵੇਖ ਕੇ ਦਸ ਦਸ ਕਾਫਰ ਤਿਤਰ ਹੋ ਜਾਂਦੇ ਨੇ।

ਮੁਕੱਦਮ: ਫੇਰ ਕੀ ਹੋਇਆ?

ਇਕਬਾਲ: ਮੈਂ ਪੁੱਛਿਆ ਜੇ ਬਾਦਸ਼ਾਹ ਗਏ ਤਾਂ ਰਾਜ ਕੌਣ ਕਰੇਗਾ? ਹੁਕਮ ਕੌਣ ਕਰੇਗਾ ਤੇ ਹੁਕਮ ਮੰਨੇਗਾ ਕੌਣ? ਉਨ੍ਹਾਂ ਕਿਹਾ-ਅਸੀਂ ਖੁਦ ਹੁਕਮ ਕਰਾਂਗੇ ਤੇ ਮਨਾਂਗੇ ਵੀ ਖੁਦ।

ਮੁਕੱਦਮ: ਇਹ ਕੀ ਬਕੜਵਾਹ ਕਰ ਰਿਹੈਂ?

ਇਕਬਾਲ: ਮੈਂ ਵੀ ਕਿਹਾ-ਇਹ ਕੀ ਬਕੜਵਾਹ ਕਰ ਰਹੇ ਹੋ। ਲੋਕ ਕਹਿੰਦੇ ਹੁਣ ਕੋਈ ਬਕੜਵਾਹ ਨਹੀਂ ਕਰੇਗਾ, ਅਸੀਂ ਅਪਣੇ ਹਾਕਮ ਚੁਣਾਂਗੇ।

ਮੁਕੱਦਮ: (ਲਾਪਰਵਾਹੀ ਨਾਲ) ਹਾਕਮ ਆਪ ਚੁਣਾਂਗੇ! (ਹੱਸਦਾ ਹੈ) ਹਾਂ...ਹਾਂ...ਹਾਂ, ਤੇਰੇ ਸੁਫਨੇ ਵਿੱਚ ਜ਼ਰੂਰ ਕੋਈ ਗੜਬੜ ਹੋਈ

ਏ। ਜਾਂ ਤਾਂ ਤੇਰਾ ਸੁਫਨਾ ਈ ਮਹਿਜ਼ ਝੂਠ ਏ ਜਾਂ ਫਿਰ ਤੈਨੂੰ ਸੁਫਨਾ ਈ ਭੁੱਲ ਗਿਐ ਜਾਪਦੈ।

ਇਕਬਾਲ: ਮਾਫ ਕਰਨਾ ਹਜ਼ੂਰ, ਸੁਫਨਾ ਇਵੇਂ ਈ ਆਇਆ ਸੀ। ਲੋਕ ਲੰਮੀਆਂ ਲੰਮੀਆਂ ਕਤਾਰਾਂ ਵਿੱਚ ਖੜ੍ਹੇ ਸਨ।

ਮੁਕੱਦਮ: ਕਿਉਂ, ਉੱਥੇ ਕੋਈ ਮੰਡੀ ਲੱਗੀ ਸੀ?

ਇਕਬਾਲ: ਉਨ੍ਹਾਂ ਦੇ ਹੱਥਾਂ ਵਿੱਚ ਕਾਗਜ਼ ਦੇ ਛੋਟੇ ਛੋਟੇ ਟੁਕੜੇ ਸਨ। ਮੈਂ ਪੁੱਛਿਆ ਇਹ ਕੀ ਏ? ਉਨ੍ਹਾਂ ਕਿਹਾ ਇਹ ਸਾਡੀ ਪਰਚੀ ਏ। ਕਹਿਣ ਲੱਗੇ ਜਿਸ ਬੰਦੇ ਨੂੰ ਵੱਧ ਪਰਚੀਆਂ ਪੈਣਗੀਆਂ, ਉਹ ਜਿੱਤ ਜਾਵੇਗਾ ਤੇ ਹਾਕਮ ਬਣ ਕੇ ਤਖਤ ਤੇ ਬੈਠ ਜਾਵੇਗਾ।

ਮੁਕੱਦਮ: ਅਜੀਬ ਬਾਤ ਏ! ਪਰਚੀ ਰਾਹੀਂ ਹਾਕਮ ਬਣਨਗੇ। ਪਰ ਹਕੀਕਤ ਇਹਵੇ ਹਾਕਮ ਬਣਦੇ ਨੇ ਖਾਨਦਾਨ ਰਾਹੀਂ। ਬਾਦਸ਼ਾਹ ਦਾ ਪੁੱਤਰ ਬਾਦਸ਼ਾਹ, ਮੁਕੱਦਮ ਦਾ ਪੁੱਤਰ ਮੁਕੱਦਮ, ਨੰਬਰਦਾਰ ਦਾ ਨੰਬਰਦਾਰ, ਪਟਵਾਰੀ ਦਾ ਪਟਵਾਰੀ, ਸਿਪਾਹੀ ਦਾ ਸਿਪਾਹੀ ਤੇ ਮੋਚੀ ਦਾ ਪੁੱਤ ਮੋਚੀ।

ਇਕਬਾਲ: ਹਜ਼ੂਰ, ਉਨ੍ਹਾਂ ਕਿਹਾ ਕਿ ਹਾਕਮ ਸਦਾ ਨਹੀਂ ਰਹਿਣਗੇ। ਇਨ੍ਹਾਂ ਨੂੰ ਕੁੱਝ ਸਾਲ ਰਾਜ ਕਰਨ ਦਾ ਮੌਕਾ ਦਿੱਤਾ ਜਾਵੇਗਾ। ਫਿਰ ਤੋਂ ਪਰਚੀ ਚੱਲੇਗੀ ਜਿਹੜਾ ਹਾਕਮ ਜਨਤਾ ਲਈ ਮਾੜਾ ਸਾਬਤ ਹੋਇਆ,ਉਹਨੂੰ ਤਖਤ ਤੋਂ ਲਾਹ ਦਿੱਤਾ ਜਾਵੇਗਾ ਪਰਚੀ ਨਾਲ।

ਮੁਕੱਦਮ: (ਅੱਕ ਕੇ ) ਪਰਚੀ, ਪਰਚੀ, ਪਰਚੀ। ਇਹ ਸਭ ਬਾਗੀ ਗੋਬਿੰਦ ਸਿੰਘ ਦਾ ਕਸੂਰ ਏ ਜਿਹਨੇ ਸੰਗਤ ਦੀ ਅਹਿਮੀਅਤ ਬਣਾਈ ਏ।

ਇਕਬਾਲ : ਉਹਦੇ ਜਾਦੂ ਦੇ ਅਸਰ ਹੇਠ ਲੋਕ ਸਾਨੂੰ ਅੱਖਾਂ ਵਿਖਾਉਣ ਲੱਗ ਪਏ ਨੇ। ਹੁਣ ਤਾਂ ਝਾੜੂ ਫੇਰਨ ਵਾਲੇ ਤੇ ਛਾਬੜੀਆਂ ਲਾਉਣ ਵਾਲੇ ਲੋਕ ਹੱਥ ਵਿੱਚ ਤਲਵਾਰਾਂ ਫੜ੍ਹਨ ਦੀ ਸੋਚ ਰਹੇ ਨੇ।

ਮੁਕੱਦਮ: ਉਹ ਤਲਵਾਰਾਂ ਫੜ੍ਹਨ ਵਾਲੇ ਨੇ? ਤੂੰ ਸਾਨੂੰ ਪਹਿਲਾਂ ਕਿਉਂ ਨਹੀਂ ਖਬਰ ਦਿੱਤੀ?

ਇਕਬਾਲ: ਗੁਲਾਮ ਗੁਨਾਹ ਕਬੂਲ ਕਰਦੈ ਹਜ਼ੂਰ।

ਮੁਕੱਦਮ: ਇਸ ਤੋਂ ਪਹਿਲਾਂ ਕਿ ਖਲਕਤ ਸਾਡੇ ਸਿਰ ਤੇ ਆ ਚੜ੍ਹੇ, ਇਨ੍ਹਾਂ ਬਾਗੀ ਆਵਾਜ਼ਾਂ ਨੂੰ ਬੰਦ ਕਰ ਦਿਓ।

ਆਵਾਜ਼: ਅੱਲਾ ਹੂ ਅਕਬਰ....

ਮੁਕੱਦਮ: (ਖੁਸ਼ੀ ਵਿੱਚ) ਹਾਂ, ਹਰ ਕੋਨੇ ਵਿੱਚ ਇਹੋ ਆਵਾਜ਼ ਕੰਨਾਂ ਨੂੰ ਸੁਨਣ ਨੂੰ ਮਿਲੇ। ਇਹੋ ਬਾਦਸ਼ਾਹ ਆਲਮਗੀਰ ਔਰੰਗਜੇਬ ਦੀ ਖਾਹਿਸ਼ ਏ।

ਇਕਬਾਲ: (ਅਦਬ ਨਾਲ ਝੁਕਦੇ ਹੋਏ) ਜੀ ਹਜ਼ੂਰ, ਅਸੀਂ ਉਸ ਬੰਦੇ ਦੀ ਜ਼ੁਬਾਂ ਕੱਟ ਦੇਵਾਂਗੇ ਜਿਸਜ਼ੁਬਾਂ ਵਿੱਚੋਂ ਬਾਗੀ ਆਵਾਜ਼



ਨਿਕਲਦੀ ਹੋਵੇ। ਮੈਨੂੰ ਵੇਖ ਕੇ ਦਸ ਦਸ ਕਾਫਰ ਤਿੱਤਰ ਹੋ ਜਾਂਦੇ ਨੇ।

ਮੁਕੱਦਮ: ਤੇ ਉਸ ਰਾਧਾ ਵਾਲੇ ਕੰਮ ਦਾ ਕੀ ਬਣਿਆ?

ਇਕਬਾਲ: ਉਹ ਸੋਲਾਂ ਵਰਿਆਂ ਦੀ ਖੂਬਸੂਰਤ ਮੁਟਿਆਰ, ਜਿਹਦੀ ਖੂਬਸੂਰਤੀ ਦੀ ਚਰਚਾ ਸਾਰੇ ਨਗਰ ਵਿੱਚ ਹੁੰਦੀ ਏ?

ਮੁਕੱਦਮ: (ਉਤਸੁਕਤਾ ਨਾਲ) ਹਾਂ ਹਾਂ, ਉਹੀ ਰਾਧਾ।

ਇਕਬਾਲ: ਹਜ਼ੂਰ, ਉਹ ਬਿੱਲੀ ਤਾਂ ਥੈਲੇ ਵਿੱਚ ਈ ਏ, ਘੜੇ ਦੀ ਮੱਛੀ ਏ ਉਹ ਤਾਂ।ਉਹਦੇ ਨਸੀਬਾਂ ਵਿੱਚ ਹਜ਼ੂਰ ਦਾ ਈ ਨਾਮ ਲਿਖਿਐ। ਹਜ਼ੂਰ, ਜਦੋਂ ਤੁਸੀਂ ਉਹਦਾ ਨਾਮ ਬੋਲਦੇ ਹੋ ਤਾਂ ਤੁਹਾਡਾ ਚਿਹਰਾ ਗੁਲਾਬ ਦੇ ਫੁੱਲ ਵਾਂਗ ਟਹਿਕਣ ਲੱਗ ਪੈਂਦੈ ਤੇ ਤੁਸੀਂ ਕਿਸੇ ਜਵਾਨ ਮਰਦ ਤੋਂ ਘੱਟ ਨਹੀਂ ਜਾਪਦੇ।

ਮੁਕੱਦਮ: (ਖੁਸ਼ੀ ਭਰੀ ਮਸਤੀ ਵਿੱਚ) ਤੇਰੀ ਗੱਲ ਬਿਲਕੁੱਲ ਦਰੁਸਤ ਏ। ਪਚਵੰਜਾ ਸਾਲ ਵੀ ਕੋਈ ਉਮਰ ਹੁੰਦੀ ਏ। ਨਾਲੇ ਮਰਦ ਤੇ ਘੋੜਾ ਕਦੇ ਬੁੱਢੇ ਨਹੀਂ ਹੁੰਦੇ ਜੇ ਉਨ੍ਹਾਂ ਨੂੰ ਦਾਣਾ ਪੈਂਦਾ ਰਹੇ।

ਇਕਬਾਲ: ਹਜ਼ੂਰ, ਰਾਧਾ ਜਾਦੂਗਰਨੀ ਏ। ਜਿਹੜਾ ਉਹਦੇ ਵੱਲ ਤੱਕਦਾ ਏ, ਫਿਰ ਤੱਕਦਾ ਰਹਿ ਜਾਂਦਾ ਏ।

ਮੁਕੱਦਮ: ਉਹਦੇ ਵੱਲ ਕਿਸੇ ਦੀ ਨਾਪਾਕ ਨਿਗਾਹ ਉੱਠਣੀ ਨਹੀਂ ਚਾਹੀਦੀ।

ਇਕਬਾਲ: ਪਰ ਰਾਧਾ ਦੀ ਮਾਂ ਆਪਣੀ ਛੋਹਰੀ ਤੁਹਾਡੇ ਮਹਿਲਾਂ ਵੱਲ ਤੋਰਨਾ ਨਹੀ ਚਾਹੁੰਦੀ।

ਮੁਕੱਦਮ: ਟੁੱਕੜ ਨਹੀ ਸੁੱਟਿਆ?

ਇਕਬਾਲ: ਪੂਰਾ ਸੁੱਟਿਆ ਪਰ ਉਹ ਕਹਿੰਦੀ ਸਾਨੂੰ ਟੁੱਕੜ ਨਹੀਂ, ਇੱਜ਼ਤ ਚਾਹੀਦੀ ਏ।

ਮੁਕੱਦਮ: ਤੇ ਰਾਧਾ ਦੇ ਬਾਪ ਦਾ ਕੀ ਖਿਆਲ ਏ?

ਇਕਬਾਲ: ਉਹ ਤਾਂ ਜੀ ਮਾਇਆ ਵੇਖ ਕੇ ਸਾਰੀ ਖਲਕਤ ਭੁੱਲ ਜਾਂਦੈ।

ਮੁਕੱਦਮ: ਤੂੰ ਕੁੱਝ ਵੀ ਕਰ, ਸਿੱਧੀ ਤਰ੍ਹਾਂ ਨਹੀਂ ਤਾਂ ਦੂਜੀ ਤਰ੍ਹਾਂ ਹੀ ਸਹੀ। ਰਾਧਾ ਮੇਰੇ ਮਹਿਲਾ ਵਿੱਚ ਪਹੁੰਚਣੀ ਚਾਹੀਦੀ ਏ।

(ਚਰਨ ਦਾਸ ਆਉਂਦਾ ਹੈ, ਜੋ ਚਰਨ ਦਾਸ ਤੋਂ ਚਰਨ ਸਿੰਘ ਬਣ ਗਿਆ ਹੈ, ਉਹਦੇ ਹੱਥ ਵਿੱਚ ਕ੍ਰਿਪਾਨ ਹੈ।

ਚਰਨ ਸਿੰਘ: ਹੁਣੇ ਪਹੁੰਚੇਗੀ, ਪਰ ਰਾਧਾ ਨਹੀਂ, ਤੇਰੀ ਲਾਸ਼।

ਮੁਕੱਦਮ: ਕਾਫਰ ਕਿਸੇ ਜਹਾਨ ਦਾ (ਇਕਬਾਲ ਨੂੰ) ਇਹਦਾ ਸਿਰ ਕਲਮ ਕਰ ਦਿੱਤਾ ਜਾਵੇ।

ਚਰਨ ਸਿੰਘ: ਦਸ਼ਮੇਸ਼ ਪਿਤਾ ਦੇ ਸਿੱਖਾਂ ਤੇ ਉਸੇ ਦਾ ਜਾਂ ਸੰਗਤ ਦਾ ਹੁਕਮ ਚਲਦਾ ਏ। ਤੇਰਾ ਨਹੀਂ ਦੁਸ਼ਟਾ।

ਮੁਕੱਦਮ: ਗਿੱਦੜ ਦੀ ਔਲਾਦ ਸਾਡੀ ਬਿੱਲੀ ਤੇ ਸਾਨੂੰ ਮਿਆਊਂ।

(ਮੁਕੱਦਮ ਤੇ ਇਕਬਾਲ ਵੱਲ ਕ੍ਰਿਪਾਨ ਸੇਧ ਲੈਂਦਾ ਹੈ)

**ਮੁਕੱਦਮ:** ਇਕਬਾਲ, ਇਸ ਗਿੱਦੜ ਨੂੰ ਖਤਮ ਕਰਦੇ। ਤੈਨੂੰ ਵੇਖ ਕੇ ਦਸ ਦਸ ਕਾਫਰ ਤਿੱਤਰ ਹੋ ਜਾਂਦੇ ਨੇ।

**ਇਕਬਾਲ:** (ਚਰਨ ਦਾਸ ਦੀਆਂ ਅੱਖਾਂ ਵਿਚਲੀ ਜੋਤ ਵੇਖ ਕੇ ਭੈਭੀਤ ਹੁੰਦਾ ਹੋਇਆ) ਪਤਾ ਨਹੀਂ ਕਿਉਂ ਮੇਰੀਆਂ ਬਾਹਵਾਂ ਵਿੱਚ ਸ਼ਕਤੀ ਘਟ ਰਹੀ ਏ)

**ਮਕੱਦਮ:** ਇਹ ਕੀ? ਦੁਨੀਆ ਘੁੰਮ ਰਹੀ ਏ, ਉਹ ਮਹਿਲ ਹਿੱਲ ਰਹੇ ਨੇ। ਮੇਰੀਆਂ ਅੱਖਾਂ ਅੱਗੇ ਕਿਉਂ ਹਨ੍ਹੇਰਾ ਹੋ ਰਿਹੈ।

**ਇਕਬਾਲ:** ਪਰ ਮੇਰੀਆਂ ਅੱਖਾਂ ਅੱਗੇ ਚਾਨਣ ਹੋ ਰਹੈ।

**ਚਰਨ ਸਿੰਘ:** ਹਾਂ, ਹੁਣ ਚਾਨਣ ਹੋਵੇਗਾ, ਹਨ੍ਹੇਰੀ ਰਾਤ ਖਤਮ ਹੋਵੇਗੀ। ਹੁਣ ਰਾਜ ਕਰੇਗਾ ਖਾਲਸਾ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। (ਕ੍ਰਿਪਾਨ ਤਾਣਦਾ ਹੋਇਆ ਅੱਗੇ ਵਧਦਾ ਹੈ, ਸਿਪਾਹੀ ਦੌੜ ਜਾਂਦਾ ਹੈ। ਮੁਕੱਦਮ ਜ਼ਮੀਨ ਤੇ ਡਿੱਗ ਪੈਂਦਾ ਹੈ, ਉਹਦੇ ਪੇਟ ਉੱਪਰ ਚਰਨ ਅਪਣਾ ਪੈਰ ਰੱਖ ਦਿੰਦਾ ਹੈ) ਪਿਛੋਂ ਗਾਉਣ ਦੀ ਆਵਾਜ਼:

ਜਬੈ ਬਾਣ ਲਾਗਿਯੋ
ਤਬੈ ਰੋਸ ਜਾਗਿਯੋ॥



# ਜੈਸਾ ਬੀਜੈ ਸੋ ਲੁਣੈ

# ਪਾਤਰ

| | |
|---|---|
| ਜਹਾਂਗੀਰ: | ਮੁਗਲ ਬਾਦਸ਼ਾਹ |
| ਅਬਦੁਲ ਖਾਂ: | ਅਹਿਲਕਾਰ |
| ਸਾਈਂ ਜੀ: | ਇੱਕ ਫਕੀਰ |
| ਪ੍ਰਿਥੀਆ: | ਗੁਰੂ ਅਰਜਨ ਦੇਵ ਦਾ ਵੱਡਾ ਭਰਾ |
| ਕਟਾਰੂ: | ਇੱਕ ਸਿੱਖ |
| ਮੀਣਾ ਅਤੇ ਟੀਰਾ: | ਪ੍ਰਿਥੀਏ ਦੇ ਸਾਥੀ |
| ਚੰਦੂ: | ਲਾਹੌਰ ਦਾ ਦੀਵਾਨ |
| ਦੋ ਲਾਗੀ: | |
| ਦੋ ਸਿਪਾਹੀ | |
| ਸ਼ੇਖ | |
| ਭੂਤ: | ਨਕਸ਼ਬੰਦੀ ਮੁੱਖੀ |

# ਜੈਸਾ ਬੀਜੈ ਸੋ ਲੁਣੇ

(ਮੁਗਲ ਬਾਦਸ਼ਾਹ ਜਹਾਂਗੀਰ ਸੁਫਨਾ ਲੈ ਰਿਹਾ ਹੈ ਅਤੇ ਉਹ ਆਪਣੇ ਮਹੱਲ ਵਿੱਚ ਖੜ੍ਹਾ ਹੈ। ਉਸ ਨੂੰ ਆਪਣੇ ਸਾਹਮਣੇ ਭੂਤ ਖੜ੍ਹਾ ਵਿਖਾਈ ਦਿੰਦਾ ਹੈ)

ਜਹਾਂਗੀਰ: (ਭੂਤ ਤੋਂ ਡਰਦੇ ਹੋਏ) ਤੂੰ ਅੱਜ ਫਿਰ ਆ ਗਿਐਂ। ਪਿਛਲੇ ਕਈ ਦਿਨਾਂ ਤੋਂ ਤੂੰ ਮੈਨੂੰ ਪਰੇਸ਼ਾਨ ਕਰ ਰਿਹੈਂ। ਤੂੰ ਕੌਣ ਏਂ ਮੈਂ ਪੁਛਦਾਂ ਤੂੰ ਹੈ ਕੌਣ?

ਭੂਤ: ਮੈਂ ਭੂਤ ਹਾਂ।

ਜਹਾਂਗੀਰ: ਤੂੰ ਭੂਤ ਏਂ..... ਮੇਰੇ ਇਥੇ ਸ਼ਾਹੀ ਮਹੱਲਾਂ ਵਿੱਚ ਕੀ ਕੰਮ ਏ ਤੇਰਾ.... ਤੇਰਾ ਕੰਮ ਤਾਂ ਕਿਸੇ ਕਬਰਸਤਾਨ 'ਚ ਹੋ ਸਕਦੇ। ਫਿਰ ਮੇਰੇ ਕੋਲ ਕੀ ਕਰਨ ਆਇਐਂ।

ਭੂਤ: ਤੇਰੇ ਸ਼ਾਹੀ ਮਹੱਲਾਂ ਨੂੰ ਕਬਰਸਤਾਨ ਬਣਾਉਣ।

ਜਹਾਂਗੀਰ: ਇਹ ਕਿੰਨੇ ਸੁੰਦਰ ਮਹੱਲ ਨੇ! ਇਹਨਾਂ ਮਹਿਲਾਂ ਦੀ ਸ਼ਾਨੋਂ ਸ਼ੌਕਤ ਵੇਖਕੇ ਬੰਦਾ ਬਹਿਸ਼ਤ ਨੂੰ ਭੁੱਲ ਜਾਂਦੈ।

ਭੂਤ: ਪਰ ਭੂਤਾਂ ਦਾ ਕੋਈ ਕੰਮ ਨਹੀਂ ਸੁੰਦਰ ਮਹਿਲਾਂ ਵਿੱਚ।

ਜਹਾਂਗੀਰ: ਇਹੋ ਤਾਂ ਮੈਂ ਕਹਿ ਰਿਹਾਂ।

ਭੂਤ: ਤੇਰੀਆਂ ਕਰਤੂਤਾਂ ਕਰਕੇ ਮੇਰਾ ਤਖਤ ਡੋਲਣ ਲੱਗ ਪਿਆ ਸੀ।

ਜਹਾਂਗੀਰ: (ਹੈਰਾਨੀ ਵਿੱਚ) ਤੇਰਾ ਤਖਤ?

ਭੂਤ: ਹਾਂ, ਪਰ ਤੈਨੂੰ ਨਜਰ ਨਹੀਂ ਆਉਣਾ। ਤੂੰ ਆਪਣੇ ਕਾਲੇ ਕੰਮਾਂ ਕਰਕੇ ਮੇਰੇ ਤੋਂ ਵੀ ਵੱਡਾ ਭੂਤ ਬਣਨ ਜਾ ਰਿਹੈਂ। ਪਰ ਮੈਂ ਤੈਨੂੰ

ਇਸ ਤਰ੍ਹਾਂ ਕਰਨ ਦੀ ਇਜਾਜ਼ਤ ਨਹੀਂ ਦੇਵਾਂਗਾ।

ਜਹਾਂਗੀਰ: ਮੈਂ ਬਾਦਸ਼ਾਹ ਹਾਂ, ਹਿੰਦੁਸਤਾਨ ਦਾ ਬਾਦਸ਼ਾਹ। ਮੈਂ ਕੋਈ ਭੂਤ ਨਹੀਂ ਮੈਨੂੰ ਤੂੰ ਬਾਦਸ਼ਾਹ ਨਹੀਂ, ਆਪਣੇ ਵਰਗਾ ਨਜ਼ਰ ਆਉਂਦੈ। ਮੈਨੂੰ ਉਸ ਅੱਲਾ ਦੇ ਪਿਆਰੇ ਨੇ ਤੇਰੇ ਕੋਲ ਭੇਜਿਐ....

ਜਹਾਂਗੀਰ: (ਟੋਕ ਕੇ) ਕਿਹਨੇ?

ਭੂਤ: ਸਾਈਂ ਜੀ ਨੇ। ਮੈਂ ਉਹਦੀ ਆਗਿਆ ਦਾ ਪਾਲਣ ਕਰਦਾ ਹਾਂ।

ਜਹਾਂਗੀਰ: ਤੂੰ ਉਹਦਾ ਗੁਲਾਮ ਏਂ?

ਭੂਤ: ਉਹਦਾ ਗੁਲਾਮ ਹੋਣਾਂ ਤਾਂ ਫਖਰ ਵਾਲੀ ਗੱਲ ਏ। ਜਦ ਮੈਂ ਉਹਦਾ ਹੁਕਮ ਮੰਨਦਾ ਹਾਂ ਤਾਂ ਮੇਰੇ ਕਾਲੇ ਕਪੜੇ ਚਿੱਟੇ ਹੋ ਜਾਂਦੇ ਨੇ ।

ਜਹਾਂਗੀਰ: ਤੇਰੇ ਕਪੜੇ ਤਾਂ ਕਾਲੇ ਨੇ?

ਭੂਤ: ਅੰਨਾ ਹੋ ਗਿਐਂ? ਬਾਕੀ ਸਭ ਨੂੰ ਮੇਰੇ ਕਪੜੇ ਚਿੱਟੇ ਨਜ਼ਰ ਆਉਂਦੇ ਨੇ, ਪਰ ਤੈਨੂੰ ਤਾਂ ਇਹ ਕਾਲੇ ਈ ਨਜ਼ਰ ਆਉਣਗੇ।

ਜਹਾਂਗੀਰ: ਮੈਨੂੰ ਕਾਲੇ ਕਿਉਂ ਨਜ਼ਰ ਆਉਂਦੇ ਨੇ?

ਭੂਤ: ਤੇਰੇ ਪਰਛਾਵੇਂ ਨਾਲ ਮੇਰੇ ਚਿੱਟੇ ਕਪੜੇ ਕਾਲੇ ਨਜ਼ਰ ਆ ਰਹੇ ਨੇ।

ਜਹਾਂਗੀਰ: ਮੇਰਾ ਪਰਛਾਵਾਂ ਮਨਹੂਸ ਹੋ ਗਿਐ?

ਭੂਤ: ਹਾਂ, ਪਰ ਪਤੈ ਕਿਉਂ?

ਜਹਾਂਗੀਰ: ਮੈਨੂੰ ਜਲਦੀ ਦੱਸ, ਤੂੰ ਕੀ ਕਰਨ ਦੀ ਮਨਸ਼ਾ ਰੱਖਦਾ ਏਂ?

ਭੂਤ: ਮੈਂ ਦੱਸ ਈ ਦਿੰਦਾ ਹਾਂ।

(ਭੂਤ, ਜਹਾਂਗੀਰ ਦੀ ਗਰਦਨ ਦੁਆਲੇ ਹੱਥ ਪਾਉਣ ਲਗਦਾ ਹੈ ਪਰ ਜਹਾਂਗੀਰ ਭੂਤ ਦੇ ਹੱਥ ਪਰੇ ਧੱਕਦਾ ਹੈ, ਭੂਤ ਦੇ ਮਜ਼ਬੂਤ ਹੱਥਾਂ ਸਾਹਮਣੇ ਆਪਣੇ ਆਪ ਨੂੰ ਮੁਸ਼ਕਲ ਸਥਿਤੀ ਵਿੱਚ ਸਮਝਦਾ ਹੈ)

ਜਹਾਂਗੀਰ: ਤੂੰ ਮੇਰੇ ਗਲੇ ਨੂੰ ਘੁੱਟ ਰਿਹੈਂ?

ਭੂਤ: ਤੂੰ ਕੀ ਸਮਝਦੈਂ ਮੈਂ ਤੇਰੇ ਨਾਲ ਲਾਡ ਕਰਨ ਆਇਆਂ।

ਜਹਾਂਗੀਰ: ਮੇਰਾ ਗਲਾ ਛੱਡ।

ਭੂਤ: ਤੇਰੇ ਗਲੇ ਨੂੰ ਹੱਥ ਪਾ ਕੇ ਐਂ ਲਗਦੈ ਜਿਵੇਂ ਇਹ ਹੱਥ ਠੀਕ ਥਾਂ ਪਹੁੰਚ ਕੇ ਚੰਗਾ ਕੰਮ ਕਰ ਰਹੇ ਨੇ।

ਜਹਾਂਗੀਰ: ਛੱਡ ਦੇ....

ਭੂਤ: ਨਹੀਂ ਛਡਾਂਗਾ।

ਜਹਾਂਗੀਰ: ਛੱਡ ਦੇ ਕਾਫਰਾ.....

ਭੂਤ: ਛੁਡਾ ਲੈ। (ਜ਼ੋਰਦਾਰ ਹਾਸਾ ਹੱਸਦਾ ਹੈ)

ਜਹਾਂਗੀਰ: ਮੇਰੇ ਨਾਲ ਬੇਹੂਦਗੀ ਕਰ ਰਿਹੈਂ ਇੱਕ ਬਾਦਸ਼ਾਹ ਨਾਲ...

(ਜਹਾਂਗੀਰ ਨੂੰ ਜਾਗ ਆ ਜਾਂਦੀ ਹੈ, ਉਹਦਾ ਚਿਹਰਾ ਪਸੀਨੋ ਪਸੀਨੀ ਹੋਇਆ ਹੈ)



ਇਥੇ ਤਾਂ ਕੋਈ ਨਹੀਂ। ਜਦ ਮੈਨੂੰ ਨੀਂਦ ਆਉਂਦੀ ਏ ਤਾਂ ਉਹ ਭੂਤ ਮੇਰੇ ਗਲੇ ਨੂੰ ਪੈ ਜਾਂਦੈ। ਪਰ ਇਹ ਤਾਂ ਮਹਿਜ਼ ਖ਼ਾਬ ਏ ਤੇ ਖਾਬ ਕਦੇ ਹਕੀਕਤ ਨਹੀਂ ਹੋ ਸਕਦਾ। ਯਾ ਅੱਲਾ- ਯਾ ਮੌਲਾ, ਰਹਿਮਤ ਕਰ ਖਾਦਮ ਤੇ।

(ਬਿਸਤਰੇ ਤੇ ਲੇਟਦਾ ਹੈ ਪਰ ਫਿਰ ਸੁਫਨਾ ਸ਼ੁਰੂ ਹੋ ਜਾਂਦਾ ਹੈ। ਜਹਾਂਗੀਰ: ਸੁਫਨੇ ਵਿੱਚ ਖੜ੍ਹਾ ਹੋ ਜਾਂਦਾ ਹੈ, ਭੂਤ ਫਿਰ ਆ ਜਾਂਦਾ ਹੈ)

ਜਹਾਂਗੀਰ: ਤੂੰ ਫਿਰ ਆ ਗਿਐਂ?

ਭੂਤ: ਹੋਰ ਕਿਥੇ ਜਾਵਾਂ?

ਜਹਾਂਗੀਰ: ਮੈਂ ਤੈਨੂੰ ਵੇਖਣਾ ਨਹੀਂ ਚਾਹੁੰਦਾ।

ਭੂਤ: ਪਰ ਮੈਂ ਤੈਨੂੰ ਵੇਖ ਲੈਣਾ ਈ ਚਾਹੁੰਦਾ ਹਾਂ।

ਜਹਾਂਗੀਰ: ਹਿੰਦੁਸਤਾਨ ਦੇ ਬਾਦਸ਼ਾਹ ਦਾ ਹੁਕਮ ਏ ਕਿ ਇਥੋਂ ਚਲੇ ਜਾ।

ਭੂਤ: ਬਾਦਸ਼ਾਹ ਨੂੰ ਕੋਈ ਬਾਦਸ਼ਾਹ ਮੰਨੇ ਤਾਂ ਉਹ ਬਾਦਸ਼ਾਹ ਏ, ਪਰ ਜੋ ਕੋਈ ਨਾ ਹੀ ਮੰਨੇ ਤਾਂ ਉਹਦੇ ਲਈ ਉਹ ਬਾਦਸ਼ਾਹ ਹਰਗਿਜ਼ ਨਹੀਂ ਹੁੰਦਾ।

ਜਹਾਂਗੀਰ: (ਕੜ੍ਹਕਦੀ ਆਵਾਜ਼ ਵਿੱਚ) ਮੇਰਾ ਹੁਕਮ ਏ ਇਥੋਂ ਚਲਾ ਜਾ।

ਭੂਤ: ਤੇਰਾ ਹੁਕਮ ਇਹਨਾਂ ਭੋਲੇ ਭਾਲੇ ਗਊ ਲੋਕਾਂ ਲਈ ਏ, ਮੇਰੇ ਵਰਗੇ ਭੂਤ ਲਈ ਨਹੀਂ।

ਜਹਾਂਗੀਰ: ਸਿਪਾਹੀਓ!

(ਦੋ ਸਿਪਾਹੀ ਅੰਦਰ ਆ ਕੇ ਅਦਬ ਨਾਲ ਝੁਕਦੇ ਹਨ) ਇਹਨੂੰ ਫੜ੍ਹ ਲਉ ( ਭੂਤ ਦੁਆਲੇ ਜੰਜ਼ੀਰਾਂ ਪਾਉਂਦੇ ਹਨ)

ਪਹਿਲਾ ਸਿਪਾਹੀ: ਇਹਨੂੰ ਜੰਜੀਰਾਂ ਵਿੱਚ ਜਕੜ ਦਿੱਤਾ ਗਿਐ, ਹੁਣ ਆਇਐ ਕਾਬੂ। ਹੁਣ ਸਾਡਾ ਗੁਲਾਮ ਹੋ ਗਿਐ।

ਦੂਜਾ ਸਿਪਾਹੀ: ਇਹਦੀ ਭੂਤਨੀ ਭੁੱਲ ਜਾਵੇਗੀ।

ਪਹਿਲਾ ਸਿਪਾਹੀ: ਇਹਨੇ ਸਾਡੇ ਜਹਾਂ ਪਨਾਹ ਦੀ ਨੀਂਦ ਉੱਡਾ ਦਿੱਤੀ ਸੀ।

ਦੂਜਾ ਸਿਪਾਹੀ: ਹੁਣ ਜਹਾਂ ਪਨਾਹ ਗੂੜੀ ਨੀਂਦ ਸੌਂ ਸਕਣਗੇ।

ਪਹਿਲਾ ਸਿਪਾਹੀ: ਭੂਤ ਹੋਰੀਂ ਕੈਦ ਕੱਟਣਗੇ।

ਜਹਾਂਗੀਰ: (ਜਿੱਤ ਦੀ ਆਵਾਜ਼ ਵਿੱਚ) ਹਾ.....ਹਾ .....ਹਾ

ਭੂਤ: (ਗਰਜਵੀਂ ਆਵਾਜ਼ ਵਿੱਚ) ਓ ਛਲੇਡਿਓ! ਤੁਸੀ ਮੇਰੀ ਸ਼ਕਤੀ ਤੋਂ ਵਾਕਿਫ ਨਹੀਂ।

ਪਹਿਲਾ ਸਿਪਾਹੀ: ਭੂਤ, ਤੇਰਾ ਮੁੱਕ ਗਿਆ ਸਾਰਾ ਜ਼ੋਰ।

ਦੂਜਾ ਸਿਪਾਹੀ: ਤੂੰ ਤਾਂ ਬੰਦਾ ਬੜ੍ਹਾ ਕੰਮਜ਼ੋਰ।

ਪਹਿਲਾ ਸਿਪਾਹੀ: ਮੁਗਲ ਹਕੂਮਤ ਦਾ ਜਲਾਲ।

ਦੂਜਾ ਸਿਪਾਹੀ: ਜਹਾਂ ਪਨਾਹ ਦਾ ਕਮਾਲ।

ਭੂਤ: ਇਹ ਜਹਾਂ ਪਨਾਹ ਨਹੀਂ, ਇਹ ਤਾਂ ਮੇਰੀ ਕੱਠ ਪੁਤਲੀ ਏ।

ਜਹਾਂਗੀਰ: (ਸਿਪਾਹੀਆਂ ਨੂੰ) ਇਹਨੂੰ ਕੈਦ ਖਾਨੇ ਸੁੱਟ ਦਿਓ।
ਭੂਤ: ਸਿਪਾਹੀਓ! ਮੇਰਾ ਹੁਕਮ ਏ ਇਥੋਂ ਚਲੇ ਜਾਓ।
ਜਹਾਂਗੀਰ: (ਹੱਸਦਾ ਹੋਇਆ) ਕੈਦੀ ਵੀ ਹੁਕਮ ਕਰ ਰਿਹੈ।
ਭੂਤ: (ਜ਼ੰਜ਼ੀਰਾਂ ਤੋੜਦਾ ਹੋਇਆ) ਇਹ ਲਉ ਟੁੱਟ ਗਈਆਂ ਜ਼ੰਜ਼ੀਰਾਂ, ਮੈਨੂੰ ਕੋਈ ਗੁਲਾਮ ਨਹੀਂ ਬਣਾ ਸਕਦਾ।
(ਭੂਤ ਦੋਹਾਂ ਸਿਪਾਹੀਆਂ ਦੇ ਸਿਰ ਫੜ੍ਹ ਕੇ ਆਪਸਵਿੱਚ ਟੱਕਰਾਂ ਲਵਾਉਂਦਾ ਹੈ, ਦੋਵੇਂ ਸਿਪਾਹੀ ਬੇਹੋਸ਼ੀ ਦੀ ਹਾਲਤ ਵਿੱਚ ਬਾਹਰ ਦੌੜ ਜਾਂਦੇ ਹਨ) ਆਹ ਵੇਖ ਤੇਰੇ ਗੁਲਾਮ। ਹੁਣ ਤੂੰ ਏਂ ਜਾਂ ਮੈਂ ਆਂ। ਤੇਰੇ ਬਚਣ ਦੇ ਸਾਰੇ ਰਾਹ ਬੰਦ ਹੋ ਗਏ ਨੇ।
ਜਹਾਂਗੀਰ: ਆਖਰਕਾਰ ਤੇਰੀ ਖਾਹਿਸ਼ ਕੀ ਏ?
ਭੂਤ: ਤੈਨੂੰ ਪਰੇਸ਼ਾਨ ਕਰਨਾ। ਤੇਰੇ ਕੀਤੇ ਕੁਕਰਮਾਂ ਦੀ ਸਜ਼ਾ ਦੇਣਾ। (ਭੂਤ, ਜਹਾਂਗੀਰ ਦੇ ਗਲੇ ਨੂੰ ਪੈਣ ਲਗਦਾ ਹੈ)
ਜਹਾਂਗੀਰ: (ਭੈਭੀਤ ਹਾਲਤ ਵਿੱਚ) ਇਹ ਕੀ ਕਰ ਰਿਹੈਂ?
ਭੂਤ: ਹਿਸਾਬ ਕਿਤਾਬ ਪੱਧਰਾ ਕਰ ਰਿਹੈਂ?
ਜਹਾਂਗੀਰ: ਮੈਨੂੰ ਇਥੋਂ ਨਾ ਹੱਥ ਪਾ।
ਭੂਤ: ਤੂੰ ਉਸ ਮਹਾਨ ਪੁਰਸ਼ ਨੂੰ ਕਿਉਂ ਹੱਥ ਪਾਇਆ ਸੀ?
ਜਹਾਂਗੀਰ: ਕਿਹੜੇ ਮਹਾਨ ਪੁਰਸ਼ ਨੂੰ?
ਭੂਤ: ਤੇਰੀ ਯਾਦ ਸ਼ਕਤੀ ਬਹੁਤ ਕਮਜ਼ੋਰ/ਹੋ ਗਈ ਏ। ਤੇਰੇ ਰਾਜ ਵਿੱਚ ਕਿਸੇ ਬੇਕਸੂਰ ਅੱਲਾ ਦੇ ਪਿਆਰੇ ਨੂੰ ਤਸੀਹੇ ਦੇ ਦੇ ਸ਼ਹੀਦ ਕਰ ਦਿੱਤਾ ਗਿਆ ਹੋਵੇ ਤਾਂ ਤੂੰ ਇੰਨੀ ਜਲਦੀ ਭੁੱਲ ਜਾਵੇਂ। ਲਾਹਣਤ ਏ ਤੇਰੀ ਬਾਦਸ਼ਾਹਤ ਤੇ।
ਜਹਾਂਗੀਰ: ਕਿਸ ਬੇਕਸੂਰ ਨੂੰ ਮੈਂ ਸਜ਼ਾ ਦਿੱਤੀ ਏ, ਮੈਨੂੰ ਕੁਝ ਯਾਦ ਨਹੀਂ।
ਭੂਤ: ਮੈਂ ਵੀ ਇਹੋ ਯਾਦ ਕਰਾਉਣ ਆਇਆਂ, ਹੋਰ ਕਿਹੜਾ ਮੈਂ ਇਥੇ ਪਾਪੜ ਵੇਚਣ ਆਇਆਂ।
(ਜਹਾਂਗੀਰ ਨੂੰ ਫੜ੍ਹ ਕੇ ਮੰਜੇ ਤੇ ਸੁੱਟਦਾ ਹੈ)
ਜਹਾਂਗੀਰ: ਮਰ ਗਿਆ...(ਜਾਗ ਆ ਜਾਂਦੀ ਹੈ) ਇਹ ਤਾਂ ਖਾਬ ਸੀ
(ਅਬਦੁਲ ਖਾਂ ਆਉਂਦਾ ਹੈ)
ਅਬਦੁਲ ਖਾਂ: (ਸਿਰ ਝੁਕਾਉਂਦੇ ਹੋਏ) ਜਹਾਂ ਪਨਾਹ! ਮੈਨੂੰ ਪਤਾ ਲੱਗੈ ਹਜ਼ੂਰ ਦਾ ਚਿੱਤ ਕੁੱਝ ਪਰੇਸ਼ਾਨ ਜਿਹਾ ਰਹਿੰਦੈ।
ਜਹਾਂਗੀਰ: ਹਾਂ, ਮੈਂ ਬਹੁਤ ਪਰੇਸ਼ਾਨ ਆਂ।
ਅਬਦੁਲ ਖਾਂ: ਹਜ਼ੂਰ ਦੀ ਪਰੇਸ਼ਾਨੀ ਦੂਰ ਕਰਨਾ ਮੇਰਾ ਆਹਲਾ ਫਰਜ ਏ (ਸ਼ਰਾਬ ਦੀ ਸੁਰਾਹੀ ਵਿਖਾਉਂਦਾ ਹੋਇਆ) ਹਜ਼ੂਰ ਇਹਦੇ ਨਾਲ ਦੋ ਹੱਥ ਕਰੋ। ਇਹ ਚੰਦੂ ਨੇ ਖਾਸ ਤੌਰ ਤੇ ਤਿਆਰ ਕਰਵਾ ਕੇ ਘੱਲੀ ਏ। ਉਹਦਾ ਦਾਅਵਾ ਏ ਜਿਹੜਾ ਬੰਦਾ ਜਾਮ ਮੂੰਹ ਨਾਲ ਲਾਵੇਗਾ, ਉਹਦੇ ਲਈ ਜਿਮੀਂ ਤੇ ਬਹਿਸ਼ਤ ਦਾ ਮੇਲ ਹੋ



ਜਾਵੇਗਾ।
ਜਹਾਂਗੀਰ: ਮੇਰਾ ਮਨ ਨਹੀਂ....ਖੌਫ........
ਅਬਦੁਲ: ਅੰਗੂਰਾਂ ਦੀ ਬਣੀ ਸ਼ਰਾਬ ਜਦ ਅੰਦਰ ਜਾਏਗੀ ਤਾਂ ਸਾਰੇ ਖੌਫ ਬਾਹਰ ਦੌੜ ਜਾਣਗੇ।
ਜਹਾਂਗੀਰ: ਅੱਜ ਮੈਂ ਨਹੀਂ ਪੀਵਾਂਗਾ।
ਅਬਦੁਲ ਖਾਂ: ਹਜ਼ੂਰ ਦੀ ਹਾਲਤ ਦਿਨ ਬਦਿਨ ਖਰਾਬ ਹੋ ਰਹੀ ਏ। ਹੁਕਮ ਹੋਵੇ ਤਾਂ ਨਾਚੀ ਪੇਸ਼ ਕਰਾਂ। ਲਾਹੌਰ ਤੋਂ ਇੱਕ ਗਜ਼ਬ ਦੀ ਨਾਚੀ ਆਈ ਏ। ਜਦ ਉਹ ਨੱਚਦੀ ਏ ਤਾਂ ਹਵਾ ਵੀ ਨਾਲ ਈ ਨੱਚਣ ਲੱਗ ਪੈਂਦੀ ਏ, ਬੁੱਢੇ ਜਵਾਨ ਹੋ ਜਾਂਦੇ ਨੇ। ਜਦ ਉਹ ਗੌਂਦੀ ਏ ਤਾਂ ਕੋਇਲ ਅਪਣਾ ਗਾਣਾ ਭੁੱਲ ਜਾਂਦੀ ਏ। ਉਹਦੀ ਆਵਾਜ਼ ਦੇ ਜਾਦੂ ਨਾਲ ਢਲਦੀ ਸ਼ਾਮ ਸਿਖਰ ਦੁਪਹਿਰ ਬਣ ਜਾਂਦੀ ਏ।
ਜਹਾਂਗੀਰ: ਉਸ ਨਾਚੀ ਨੂੰ ਅੰਦਰ ਸੱਦਿਆ ਜਾਵੇ।
ਅਬਦੁਲ ਖਾਂ: (ਤਾੜੀ ਮਾਰਦਾ ਹੈ ਤੇ ਨਾਚੀ ਅੰਦਰ ਆਉਂਦੀ ਹੈ) ਵੇਖੋ ਹਜ਼ੂਰ! ਇਹ ਬਹਿਸ਼ਤ ਦੀ ਹੂਰ ਲੱਗਦੀ ਏ। ਇਹਦੀ ਇੱਕ ਅਦਾ ਤੇ ਖਲਕਤ ਝੂਮਣ ਲੱਗ ਪੈਂਦੀ ਏ।
ਜਹਾਂਗੀਰ: ਇਹ ਤਾਂ ਭੂਤ ਏ, ਇਹ ਤਾਂ ਉਹੀ ਭੂਤ ਏ। ਅਬਦੁਲ ਖਾਂ! ਮੇਰਾ ਹੁਕਮ ਏ ਇਹਨੂੰ ਤਤਕਾਲ ਬਾਹਰ ਕੱਢ ਦਿੱਤਾ ਜਾਵੇ।
ਅਬਦੁਲ ਖਾਂ: ਹਜ਼ੂਰ, ਇਹ ਤਾਂ ਲਾਹੌਰ ਦੀ ਚਾਂਦਨੀ ਏ।
ਜਹਾਂਗੀਰ: ਨਹੀਂ, ਇਹ ਤਾਂ ਕਾਲੇ ਕਪੜਿਆਂ ਵਾਲਾ ਭੂਤ ਏ, ਖੌਫਨਾਕ ਭੂਤ। ਮੈਂ ਇਹਦਾ ਪਰਛਾਵਾਂ ਵੀ ਨਹੀਂ ਲੈਣਾ ਚਾਹੁੰਦਾ।
ਅਬਦੁਲ ਖਾਂ: ਹਜ਼ੂਰ ਦੀ ਤਬੀਅਤ ਤਾ ਖੁਸ਼ਗਵਾਰ ਏ ਕਿ ਨਹੀਂ?
ਜਹਾਂਗੀਰ: (ਨਾਚੀ ਵੱਲ ਇਸ਼ਾਰਾ ਕਰਕੇ) ਇਹਨੂੰ ਕਹਿ ਬਹਾਰ ਨਿਕਲ ਜਾਵੇ। ਇਹਨੂੰ ਵੇਖ ਕੇ ਮੇਰੀ ਤਬੀਅਤ ਡਾਵਾਂ ਡੋਲ ਹੁੰਦੀ ਜਾ ਰਹੀ ਏ।
(ਨਾਚੀ ਨੂੰ ਬਾਹਰ ਭੇਜ ਦਿੱਤਾ ਜਾਂਦਾ ਹੈ)
ਅਬਦੁਲ ਖਾਂ: ਹਜ਼ੂਰ ਦਾ ਕੀ ਹੁਕਮ ਏ? ਕੀ ਖਿਦਮਤ ਕਰਾਂ?
ਜਹਾਂਗੀਰ: ਪਾਣੀ, ਪਾਣੀ! (ਅਬਦੁਲ ਖਾਂ ਜਹਾਂਗੀਰ ਨੂੰ ਪਾਣੀ ਪੀਣ ਲਈ ਦਿੰਦਾ ਹੈ) ਸਾਈ ਜੀ ਕਦੋਂ ਆਉਣਗੇ?
ਅਬਦੁਲ ਖਾਂ: ਉਹ ਤਸ਼ਰੀਫ ਰੱਖਣ ਈ ਵਾਲੇ ਨੇ।
ਜਹਾਂਗੀਰ: ਮੈਂ ਸਾਈ ਫਕੀਰ ਕੋਲੋਂ ਪੁਛਾਂਗਾ ਕਿ ਮੇਰੀ ਬਿਮਾਰੀ ਕਿਉਂ ਵਿਗੜਦੀ ਜਾ ਰਹੀ ਏ। ਦਿਨ ਮੈਨੂੰ ਬੇਗਾਨਾ ਬੇਗਾਨਾ ਜਿਹਾ ਲਗਦੈ ਤੇ ਰਾਤ ਮੇਰੇ ਲਈ ਕਿਆਮਤ ਦਾ ਪਰਛਾਵਾਂ ਬਣ ਕੇ ਆਉਂਦੀ ਏ। (ਸਾਈਂ ਫਕੀਰ ਆਉਂਦੇ ਹਨ) ਅਬਦੁਲ ਖਾਂ (ਸਾਈ ਜੀ ਨੂੰ ਸਲਾਮ ਕਰਦੇ ਹੋਏ) ਬਾਦਸ਼ਾਹ ਸਲਾਮਤ। ਸਾਈਂ

ਫਕੀਰ ਪਹੁੰਚ ਗਏ ਨੇ।

ਜਹਾਂਗੀਰ: (ਅਦਬ ਨਾਲ ਝੁਕਦੇ ਹੋਏ) ਸਲਾਮ ਫਕੀਰ ਸਾਈਂ।

ਸਾਈ: ਅੱਲਾ ਤਾਲਾ ਰਹਿਮਤਾਂ ਰੱਖੇ।

ਜਹਾਂਗੀਰ: ਸਾਈ ਜੀ, ਰਹਿਮਤ ਕਿਥੇ.....

ਅਬਦੁਲ ਖਾਂ: ਸਾਈਂ ਜੀ, ਬਾਦਸ਼ਾਹ ਹਜ਼ੂਰ ਦੀ ਹਾਲਤ ਬਹੁਤ ਖਰਾਬ ਏ।

ਸਾਈ: ਅੱਲਾ ਦੀ ਇਹੋ ਖਾਹਿਸ਼ ਏ।

ਜਹਾਂਗੀਰ: ਸਾਈਂ ਜੀ, ਅੱਲਾ ਦੇ ਬੰਦਿਆਂ ਦੀ ਅੱਲਾ ਜਰੂਰ ਸੁਣਦੈ। ਮੇਰੀ ਪਰੇਸ਼ਾਨੀ ਦੂਰ ਕਰਨ ਲਈ ਅੱਲਾ ਪਾਸ ਗੁਜ਼ਾਰਿਸ਼ ਕਰੋ ਸਾਈਂ ਜੀ।

ਸਾਈ: ਜਿਹੜਾ ਬਾਦਸ਼ਾਹ ਅੱਲਾ ਦੇ ਬੰਦਿਆਂ ਨੂੰ ਪਰੇਸ਼ਾਨ ਕਰਦੈ, ਉਸ ਬਾਦਸ਼ਾਹ ਦੀ ਸਲਾਮਤੀ ਲਈ ਅੱਲਾ ਪਾਸ ਗੁਜ਼ਾਰਿਸ਼ ਕਰਨਾ ਵਿਅਰਥ ਏ। ਉਸ ਫਕੀਰ ਲੋਕ ਗੁਰੂ ਅਰਜਨ ਦੇਵ ਨੂੰ ਜਿਸ ਤਰ੍ਹਾਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਉਸੇ ਦਾ ਸਰਾਪ ਭੋਗ ਰਿਹੈਂ ਤੂੰ।

ਜਹਾਂਗੀਰ: ਪਰ ਉਹ ਤਾਂ ਦੋਸ਼ੀ ਸੀ।

ਸਾਈ: ਸ਼ਕਤੀ ਦੇ ਨਸ਼ੇ ਵਿੱਚ ਚੂਰ ਬਾਦਸ਼ਾਹ ਇਹ ਵੀ ਵਾਕਫੀਅਤ ਹਾਸਲ ਕਰਨ ਦੀ ਕੋਸ਼ਿਸ਼ ਨਹੀਂ ਕਰਦੇ ਕਿ ਦੋਸ਼ੀ ਕੌਣ ਹੈ ਤੇ ਕਿਵੇਂ ਹੈ? ਦੀਵਾਨ ਚੰਦੂ ਤੇ ਗੁਰੂ ਅਰਜਨ ਦੇਵ ਦਾ ਭਰਾ ਪ੍ਰਿਥੀਆ ਆਪਣੀ ਆਪਣੀ ਨਿੱਜੀ ਕਿੜ ਕੱਢਣ ਲਈ ਤੇਰੇ ਕੰਨ ਭਰਦੇ ਰਹੇ ਤੇ ਤੇਰੀ ਧਾਰਮਿਕ ਕੱਟੜਤਾ ਨੇ ਤੈਨੂੰ ਅੰਨਾ ਕਰ ਦਿੱਤਾ। ਤੂੰ ਹਕੀਕਤ ਤੋਂ ਮੂੰਹ ਫੇਰ ਕੇ ਪਾਪ ਕੀਤੈ।

ਜਹਾਂਗੀਰ: ਫਕੀਰ ਸਾਈਂ ਜੀ, ਤੁਸੀਂ ਹੀ ਮੈਨੂੰ ਹਕੀਕਤ ਤੋਂ ਵਾਕਫ ਕਰਾਓ।

ਸਾਈਂ: ਹੁਣ ਕੀ ਲੋੜ ਏ। ਬਾਦਸ਼ਾਹ ਲੋਕਾਂ ਨੂੰ ਹੋਸ਼ ਉਦੋਂ ਆਉਂਦੀ ਏ ਜਦ ਤਲਵਾਰ ਆਰ ਪਾਰ ਹੋ ਜਾਂਦੀ ਏ। ਤੂੰ ਹੁਣ ਇੱਕ ਹੋਰ ਬੱਜਰ ਅਪਰਾਧ ਕੀਤੈ।

ਜਹਾਂਗੀਰ: ਉਹ ਕਿਹੜਾ ਸਾਈਂ ਜੀ?

ਸਾਈਂ: ਗੁਰੂ ਅਰਜਨ ਦੇਵ ਦੇ ਪੁੱਤਰ ਛੇਵੇਂ ਗੁਰੂ ਹਰ ਗੋਬਿੰਦ ਜੀ ਨੂੰ ਕੈਦ ਕਰਕੇ।

ਜਹਾਂਗੀਰ: ਉਹ ਅਪਰਾਧੀ ਏ, ਉਹਨੇ ਬਾਦਸ਼ਾਹਾਂ ਵਾਲੀ ਪੁਸ਼ਾਕ ਪਹਿਨੀ ਹੋਈ ਏ। ਉਹਨੇ ਸਿਰ ਤੇ ਕਲਗੀ ਸਜਾ ਲਈ ਏ, ਉਹਨੇ ਆਪਣੀ ਫੌਜ ਵੀ ਬਣਾ ਲਈਏ

ਸਾਈ: ਉਹਨਾਂ ਮੁੱਠੀ ਭਰ ਫੌਜ ਕਿਸੇ ਦਾ ਰਾਜ ਖੋਹਣ ਲਈ ਨਹੀਂ ਬਣਾਈ। ਕੀ ਉਹਨਾਂ ਕੋਈ ਬਗਾਵਤ ਕੀਤੀ ਏ?

ਜਹਾਂਗੀਰ: ਉਹ ਬਗਾਵਤ ਕਰਨ ਦੀ ਤਿਆਰੀ ਵਿੱਚ ਸੀ।

ਸਾਈਂ: ਇਹ ਕੁਫਰ ਏ ਕੋਰਾ ਕੁਫਰ। ਜੇ ਉਹ ਸ਼ਾਹੀ ਠਾਠ ਬਾਠ ਨਾਲ



ਜਿੰਦਗੀ ਬਸਰ ਕਰਨ ਲੱਗ ਪਏ ਤਾਂ ਇਸ ਪਿੱਛੇ ਜਿੰਮੇਵਾਰ ਕੌਣ ਏ?

ਜਹਾਂਗੀਰ: ਕੌਣ ਜਿੰਮੇਵਾਰ ਏ?

ਸਾਈਂ: ਉਸ ਦੇ ਗੁਰੂ ਬਾਪ ਦੀ ਸ਼ਹੀਦੀ। ਤੇਰੀ ਹਾਲਤ ਬਦ ਤੋਂ ਬਦਤਰ ਹੁੰਦੀ ਜਾਵੇਗੀ ਜੇ ਤੂੰ ਗਲਤ ਫਹਿਮੀਆਂ ਦੇ ਦਾਇਰੇ ਅੰਦਰ ਕੈਦ ਰਿਹਾ।

ਜਹਾਂਗੀਰ: ਮੈਨੂੰ ਮੇਰੀਆਂ ਗਲਤ ਫਹਿਮੀਆਂ ਦੇ ਦਾਇਰੇ ਚੋਂ ਬਾਹਰ ਕੱਢੋ ਸਾਈਂ ਜੀ।

ਸਾਈਂ: ਚੰਗੀ ਗੱਲ ਏ। ਸੁਣ ਸੁਣ ਕੇ ਜਿਵੇਂ ਤੂੰ ਹਕੀਕਤ ਦੇ ਆਲਮ ਵਿੱਚ ਆਉਂਦਾ ਜਾਵੇਂਗਾ, ਤੇਰੀਆਂ ਨਿਗਾਹਾਂ ਤੇ ਪਿਆ ਪਰਦਾ ਸਾਫ ਹੁੰਦਾ ਜਾਵੇਗਾ ਫਿਰ ਨਿਖੇੜਾ ਹੋਵੇਗਾ ਗੁਨਾਹਗਾਰ ਦਾ ਤੇ ਬੇਗੁਨਾਹ ਦਾ। ਤੈਨੂੰ ਪ੍ਰਿਥੀਏ, ਚੰਦੂ ਤੇ ਖੁਦ ਆਪਣੀ ਝਾਕੀ ਚੋਂ ਗੁਜਰਨਾ ਹੋਵੇਗਾ।

ਜਹਾਂਗੀਰ: ਮੈਂ ਉਹ ਝਾਕੀਆਂ ਵੇਖਣਾ ਚਾਹੁੰਦਾ ਹਾਂ ਫਕੀਰ ਜੀ।

**ਦੂਜੀ ਝਾਕੀ**

ਸਥਾਨ ਅੰਮ੍ਰਿਤਸਰ ਦੀ ਇੱਕ ਚੌੜੀ ਗਲੀ।

ਪ੍ਰਿਥੀਆ: ਲੋਕੋ! ਤੁਸਾਂ ਵੇਖਿਐ ਮੇਰੇ ਨਾਲ ਕਿੰਨਾ ਅਨਿਆਏ ਹੋਇਐ, ਘੋਰ ਅਨਿਆਏ। ਮੈਂ ਗੁਰੂ ਰਾਮ ਦਾਸ ਦਾ ਵੱਡਾ ਸਪੁੱਤਰ ਹਾਂ। ਪਗੜੀ ਮੇਰੇ ਸਿਰ ਤੇ ਹੀ ਬੱਝਣੀ ਚਾਹੀਦੀ ਏ। ਸਾਰੀ ਦੁਨੀਆਂ ਵੱਡੇ ਪੁੱਤਰ ਦੇ ਸਿਰ ਤੇ ਪਗੜੀ ਸਜਾਉਂਦੀ ਏ ਤੇ ਘਰ ਦੀ ਸਾਰੀ ਜਿੰਮੇਵਾਰੀ ਉਹਦੇ ਸਿਰ ਤੇ ਸੁੱਟ ਦਿੰਦੀ ਏ, ਉਹ ਘਰ ਦਾ ਮੁਖੀਆ ਬਣ ਜਾਂਦੈ। ਉਹਨੇ ਸਾਰੇ ਘਰ ਤੇ ਹੁਕਮ ਚਲਾਉਣਾ ਹੁੰਦੈ ਤੇ ਬਾਕੀ ਜੀਆਂ ਨੇ ਉਹਦਾ ਹਰ ਹੁਕਮ ਖਿੜੇ ਮੱਥੇ ਮੰਨਣਾ ਹੁੰਦੈ ਪਰ ਇਥੇ ਤਾਂ ਉਲਟੀ ਗੰਗਾ ਚਲ ਪਈ ਏ। ਪ੍ਰਿਥੀਆ! ਨਾਤੀ ਧੋਤੀ ਰਹਿ ਗਈ ਮੂੰਹ ਤੇ ਮੱਖੀ ਬਹਿ ਗਈ। ਸਭ ਉਲਟਾ ਹੋ ਗਿਆ। (ਭਾਈ ਕਟਾਰੂ ਆਉਂਦਾ ਹੈ)

ਕਟਾਰੂ: ਉਲਟੇ ਬੰਦੇ ਨੂੰ ਗੰਗਾ ਉਲਟੀ ਹੀ ਨਜ਼ਰ ਆਵੇਗੀ।

ਪ੍ਰਿਥੀਆ: ਜੇ ਮੈਂ ਉਲਟਾ ਹਾਂ ਤੇ ਸਿੱਧਾ ਕੌਣ ਹੋ ਸਕਦੈ? ਕੌਣ ਹੈ ਜੋ ਮੇਰੇ ਤੋਂ ਵਧੀਆ ਧਰਮ ਪ੍ਰਚਾਰ ਦਾ ਕੰਮ ਚਲਾ ਸਕਦੈ।

ਕਟਾਰੂ: ਜਿਹੋ ਜਿਹਾ ਧਰਮ ਪ੍ਰਚਾਰ ਤੇਰਾ ਏ, ਉਸ ਤਰ੍ਹਾਂ ਦਾ ਰੱਬ ਕਰੇ ਕਿਸੇ ਦਾ ਹੋਵੇ ਈ ਨਾ। ਉਪਰੋਂ ਉਪਰੋਂ ਧਰਮ ਤੇ ਵਿੱਚੋਂ ਲਾਹੀ ਸ਼ਰਮ।

ਪ੍ਰਿਥੀਆ: ਓ ਬੇਅਕਲਿਆ। ਗੁਰੂ ਘਰ ਦੇ ਬੰਦਿਆਂ ਨਾਲ ਤੈਨੂੰ ਗੱਲ ਵੀ ਨਹੀਂ ਕਰਨੀ ਆਉਂਦੀ।

ਕਟਾਰੂ: ਤੇਰੀ ਹਰ ਕਾਰਵਾਈ ਗੁਰੂ-ਮਰਿਆਦਾ ਦੇ ਉਲਟ ਰਹੀ ਏ।

ਪ੍ਰਿਥੀਆ: ਮੈਨੂੰ ਮਰਿਆਦਾ ਦਾ ਸਬਕ ਪੜ੍ਹਾਉਣ ਦੀ ਕੋਈ ਲੋੜ ਨਹੀਂ। ਮੈਂ ਅਪਣੇ ਬਾਪ ਦੇ ਘਰ ਸਭ ਤੋਂ ਪਹਿਲਾਂ ਜਨਮ ਲਿਆ, ਇਸ ਕਰਕੇ ਗੁਰਗੱਦੀ ਤੇ ਹੱਕ ਮੇਰਾ ਏ।

ਕਟਾਰੂ: ਵੱਡੀ ਉਮਰ ਅਪਣੇ ਆਪ 'ਚ ਯੋਗਤਾ ਨਹੀਂ ਹੁੰਦੀ।

ਪ੍ਰਿਥੀਆ: ਤੈਨੂੰ ਮੇਰੇ 'ਚ ਯੋਗਤਾ ਨਹੀਂ ਦਿਸਦੀ?

ਕਟਾਰੂ: ਜਿਹੜੀ ਯੋਗਤਾ ਤੇਰੇ ਵਿੱਚ ਏ, ਗੁਰੂ ਦੇ ਸਿੱਖਾਂ ਨੂੰ ਉਹਦੀ ਲੋੜ ਨਹੀਂ।

ਪ੍ਰਿਥੀਆ: (ਖਿੱਝ ਕੇ) ਤੂੰ ਦੱਸ ਤੈਨੂੰ ਕਿਵੇਂ ਦੀ ਯੋਗਤਾ ਚਾਹੀਦੀ ਏਂ?

ਕਟਾਰੂ: ਤੇਰੇ ਵਿੱਚ ਉਹ ਸੁਭਾਅ ਨਜ਼ਰ ਨਹੀਂ ਆਇਆ ਜੋ ਗੁਰੂ ਅਰਜਨ ਦੇਵ ਵਿੱਚ ਸਾਰੀ ਸੰਗਤ ਨੇ ਵੇਖਿਆ ਏ।

ਪ੍ਰਿਥੀਆ: ਅਰਜਨ ਗੁਰੂ ਨਹੀਂ ਹੋ ਸਕਦਾ।

ਕਟਾਰੂ: ਉਹ ਸਾਡੇ ਗੁਰੂ ਨੇ, ਸੱਚੇ ਪਾਤਸ਼ਾਹ ਨੇ।

ਪ੍ਰਿਥੀਆ: (ਉੱਚੀ ਆਵਾਜ਼ ਵਿੱਚ) ਮੈਂ ਗੁਰੂ ਹਾਂ, ਅਰਜਨ ਤਾਂ ਕਲ੍ਹ ਦਾ ਬੱਚਾ ਏ।

ਕਟਾਰੂ: ਗੁਰੂ ਰਾਮ ਦਾਸ ਜੀ ਨੇ ਗੁਰੂ ਅਰਜਨ ਦੇਵ ਨੂੰ ਹੀ ਅਪਣੀ ਗੁਰਗੱਦੀ ਸੌਂਪੀ ਏ। ਗੁਰੂ ਅਰਜਨ ਦੇਵ ਵਿੱਚ ਗੁਰੂ ਘਰ ਪ੍ਰਤੀ ਅਥਾਹ ਸ਼ਰਧਾ ਰਹੀ। ਉਹਨਾਂ ਦਾ ਮਿੱਠਾ ਸੁਭਾਅ ਤੇ ਸੇਵਾ ਦੀ ਭਾਵਨਾ ਦਾ ਕੋਈ ਸਾਨੀ ਨਹੀਂ।

ਪ੍ਰਿਥੀਆ: ਮੈਂ ਕਿਹੜਾ ਘੱਟ ਸੇਵਾ ਕੀਤੀ ਏ ਸੰਗਤ ਦੀ । ਸੰਗਤ ਨੂੰ ਲੰਗਰ ਛਕਾ ਛਕਾ ਮੇਰਾ ਕੂੰਡਾ ਹੋ ਗਿਐ। ਗੁਰੂ ਘਰ ਦੀ ਸੇਵਾ ਕਰਦੇ ਕਰਦੇ ਮੇਰੇ ਗੋਡੇ ਰਹਿ ਗਏ। ਮੇਰੀ ਸਾਰੀ ਸੇਵਾ ਮਿੱਟੀ ਹੋ ਗਈ ਓ ਲੋਕੋ! ਚਿੱਟੇ ਦਿਨ ਮੇਰੇ ਨਾਲ ਧੋਖਾ ਹੋ ਗਿਐ।

ਕਟਾਰੂ: ਕੋਠੇ ਤੇ ਚੜ੍ਹ ਕੇ ਢੋਲ ਵਜਾ ਤੇ ਲੋਕਾਂ ਦੇ ਕੰਨ ਖਾ। ਸ਼ਾਇਦ ਤੇਰੀ ਗੱਲ ਕਿਸੇ ਦੇ ਪੱਲੇ ਪੈ ਈ ਜਾਏ।

ਪ੍ਰਿਥੀਆ: ਢੋਲ ਵਜਾਵਾਂਗਾ ਤੇ ਇਹਨਾਂ ਬੁੱਧੂ ਲੋਕਾਂ ਨੂੰ ਵੀ ਸਮਝਾਵਾਂਗਾ ਕਿ ਮੇਰੇ ਤੇ ਚਿੱਟੇ ਦਿਨ ਡਾਕਾ ਪੈ ਗਿਐ। ਮੇਰੇ ਹੱਕ ਤੇ ਡਾਕਾ ਪੈ ਗਿਆ। ਮੇਰੇ ਪੱਲੇ ਕੱਖ ਨਹੀਂ ਰਿਹਾ।

ਕਟਾਰੂ: ਸਾਰੇ ਲੋਕ ਤਾਂ ਗੁਰੂ ਅਰਜਨ ਦੇਵ ਦੇ ਰੱਬੀ ਦਰਬਾਰ 'ਚ ਪਹੁੰਚ ਗਏ ਨੇ। ਇਥੇ ਆਪਣਾ ਸ਼ੋਰ ਕਿਹਨੂੰ ਸੁਣਾ ਰਿਹੈਂ? ਇਹਨਾਂ ਕਾਵਾਂ, ਬਿੱਲੀਆਂ ਤੇ ਕੰਧਾਂ ਨੂੰ?

(ਸਤਿਨਾਮ, ਵਾਹਿਗੁਰੂ ਦੇ ਗਾਇਣ ਦੀਆਂ ਅਵਾਜ਼ਾਂ ਆਉਂਦੀਆਂ ਹਨ)

ਪ੍ਰਿਥੀਆ: (ਗੁੱਸੇ ਅਤੇ ਨਫਰਤ ਨਾਲ) ਲੋਕ ਅਰਜਨ ਨੂੰ ਸੁਣ ਰਹੇ ਨੇ?

ਕਟਾਰੂ: ਹੋਰ ਕਿਹਨੂੰ ਸੁਨਣ, ਤੈਨੂੰ? ਨਾ ਨਾ, ਤੂੰ ਅਪਣਾ ਰਾਗ ਗਾਈ ਜਾ। ਤੈਨੂੰ ਇੱਕ ਗੱਲ ਦੱਸਾਂ....



ਪ੍ਰਿਥੀਆ: ਕਿਹੜੀ ਗੱਲ?

ਕਟਾਰੂ: ਅਪਣਾ ਜੀਵਨ ਸਫਲਾ ਕਰ ਲੈ।

ਪ੍ਰਿਥੀਆ: ਜੀਵਨ ਸਫ਼ਲਾ ਹੋਣ 'ਚ ਕੋਈ ਕਸਰ ਬਾਕੀ ਰਹਿ ਗਈ ਏ? ਬਾਂਦਰ ਬੂਥੀ ਵਾਲਿਆ, ਤੇਰੀ ਹਰ ਗੱਲ ਮੇਰੀਆਂ ਜੜ੍ਹਾਂ ਉਖੇੜ ਰਹੀ ਏ। ਮੇਰੀ ਵਰ੍ਹਿਆਂ ਦੀ ਕਮਾਈ ਤੇ ਵੇਖਦੇ ਵੇਖਦੇ ਪਾਣੀ ਫਿਰ ਗਿਆ ਓ ਲੋਕੋ!

ਕਟਾਰੂ: ਰੱਬ ਤੈਨੂੰ ਸਬਰ ਸੰਤੋਖ ਬਖਸ਼ੇ। ਤੂੰ ਅਪਣੇ ਗੁਰੂ ਬਾਪ ਦੇ ਫੈਸਲੇ ਤੇ ਫੁੱਲ ਚੜ੍ਹਾ। ਹਰ ਥਾਂ ਤੇਰੀ ਜੈ ਜੈ ਕਾਰ ਹੋਵੇਗੀ। ਲੋਕ ਭਾਈ ਗੁਰਦਾਸ ਦੀ ਵੀ ਤਾਂ ਕਦਰ ਕਰਦੇ ਨੇ, ਬਾਬਾ ਬੁੱਢਾ ਉਮਰ ਵਿੱਚ ਕਿੰਨਾ ਵੱਡਾ ਏ। ਉਹਨਾਂ ਵੀ ਗੁਰੂ ਅਰਜਨ ਦੇਵ ਜੀ ਨੂੰ ਅਪਣਾ ਗੁਰੂ ਮੰਨ ਲਿਐ ਤੇ ਤੂੰ ਵੀ ਮੰਨ ਲੈ।

ਪ੍ਰਿਥੀਆ: ਜੇ ਉਹ ਖੂਹ 'ਚ ਛਾਲ ਮਾਰਦੇ ਨੇ ਤੇ ਮੈਂ ਵੀ ਮਾਰ ਦਿਆਂ! ਮੈਂ ਉਹਨੂੰ ਗੁਰੂ ਨਹੀਂ ਮੰਨਾਂਗਾ ਭਾਵੇਂ ਸਾਰੀ ਦੁਨੀਆਂ ਮੰਨੀ ਜਾਵੇ।

ਕਟਾਰੂ: ਫਿਰ ਚੁਰਾਸੀ ਦੇ ਗੇੜੇ ਖਾਂਦਾ ਫਿਰੇਂਗਾ।

ਪ੍ਰਿਥੀਆ: ਗੇੜਾ ਤਾਂ ਮੈਂ ਦਿਆਂਗਾ ਅਪਣੇ ਦੁਸ਼ਮਣ ਨੂੰ। ਗੁਰ ਗੱਦੀ ਤੇ ਮੇਰਾ ਹੱਕ ਏ, ਸਿਰਫ ਮੇਰਾ ਹੱਕ ਏ।

ਕਟਾਰੂ: ਮਲਾਹ ਉਹੀ ਹੁੰਦੈ ਜੋ ਬੇੜਾ ਪਾਰ ਕਰ ਸਕਦਾ ਹੋਵੇ। ਪਰ ਜਿਹੜਾ ਆਪਸ ਡੁੱਬਦਾ ਹੋਵੇ. ਉਹਨੂੰ ਕਿਸੇ ਨੇ ਮਲਾਹ ਕੀ ਸਮਝਣੈਂ?

ਪ੍ਰਿਥੀਆ: ਮੇਰਾ ਬੇੜਾ ਭਾਵੇਂ ਪਾਰ ਲੰਘੇ ਭਾਵੇਂ ਅੱਧ ਵਿਚਕਾਰ ਡੋਬੇ ਖਾਂਦਾ ਫਿਰੇ ਪਰ ਅਗਲੇ ਦੀਆਂ ਬੇੜੀਆਂ 'ਚ ਵੱਟੇ ਪਾ ਕੇ ਛਡਾਂਗਾ।

ਕਟਾਰੂ: ਤੁਹਾਡਾ ਪਰਿਵਾਰ ਤਾਂ ਬਾਬੇ ਨਾਨਕ ਦੇ ਇਸ਼ਟ ਨੂੰ ਦੂਰ ਦੂਰ ਤੱਕ ਪ੍ਰਚਾਰਦਾ ਆ ਰਿਹੈ, ਤੂੰ ਨਵੀਂ ਲੀਹ ਨਾ ਪਾ। ਫਿਰ ਤੇਰਾ ਕਲਿਆਣ ਜ਼ਰੂਰ ਹੋਵੇਗਾ।

ਪ੍ਰਿਥੀਆ: ਵੇਖ ਲਵਾਂਗਾ।

ਅਵਾਜ਼: ਮੇਰਾ ਮਨ ਲੋਚੈ ਗੁਰਦਰਸ਼ਨ ਤਾਈਂ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥

ਕਟਾਰੂ: ਗੁਰੂ ਅਰਜਨ ਦੇਵ ਦੀ ਬਾਣੀ ਧੰਨ ਏ, ਇਹ ਤਾਂ ਤਪਦੇ ਹਿਰਦਿਆਂ ਨੂੰ ਠਾਰਦੀ ਏ।

ਪ੍ਰਿਥੀਆ: (ਖਿੱਝ ਕੇ) ਇਹ ਮੇਰੇ ਜ਼ਖਮਾਂ ਤੇ ਲੂਣ ਛਿੜਕਦੀ ਏ।

ਕਟਾਰੂ: ਨਹੀਂ, ਇਹ ਤਾਂ ਜ਼ਖ਼ਮਾਂ ਤੇ ਮਲਮ ਦਾ ਕੰਮ ਕਰਦੀ ਏ ਤੇ ਸਾਰੇ ਰੋਗ ਦੂਰ ਕਰਦੀ ਏ।

ਪ੍ਰਿਥੀਆ: ਇਸੇ ਬਾਣੀ ਨੇ ਮੇਰਾ ਬੇੜਾ ਡੋਬ ਦਿੱਤਾ, ਇਹ ਲਿਖਣ ਕਰਕੇ ਹੀ ਅਰਜਨ ਗੁਰਗੱਦੀ ਲੈ ਗਿਆ।

ਕਟਾਰੂ: ਇਹ ਬਾਣੀ ਬੰਦੇ ਤੇ ਭਲੇ ਲਈ ਰਚੀ ਗਈ ਏ।

ਪ੍ਰਿਥੀਆ: ਇਹ ਬਾਣੀ ਸਾਡੇ ਪਿਤਾ ਦੀ ਚਾਪਲੂਸੀ ਵਿੱਚ ਲਿਖੀ ਸੀ, ਇਹ ਫੂਕ ਮੰਤਰ ਏ ਫੂਕ ਮੰਤਰ।

ਕਟਾਰੂ: ਇਹ ਫੂਕ ਮੰਤਰ ਨਹੀਂ, ਇਹ ਗੁਰ ਮੰਤਰ ਏ।

(ਟੀਰਾ ਤੇ ਮੀਨਾ ਆਉਂਦੇ ਹਨ)

ਪ੍ਰਿਥੀਆ: ਆਉ ਭਾਈ ਮੈਂ ਤੁਹਾਨੂੰ ਹੀ ਲੱਭ ਰਿਹਾ ਸੀ।

ਟੀਰਾ: ਸਾਡੇ ਲਾਇਕ ਕੋਈ ਸੇਵਾ ਬਾਬਾ ਜੀ?

ਪ੍ਰਿਥੀਆ: (ਕਟਾਰੂ ਵੱਲ ਇਸ਼ਾਰਾ ਕਰਕੇ) ਇਸ ਬੰਦੇ ਨੂੰ ਗੁਰੂ ਮੰਤਰ ਸਿਖਾਣ ਦੀ ਲੋੜ ਏ। ਵੱਡੇ ਮੰਤਰ ਦਾ ਮਰੀਜ ਏ ਆਹ ਬੰਦਾ।

ਟੀਰਾ: ਜੇ ਮਰੀਜ ਏ ਤਾਂ ਇਹਦੀ ਬਿਮਾਰੀ ਹੁਣੇ ਬਾਹਰ ਕੱਢ ਦੇਣੇ ਆਂ।

ਪ੍ਰਿਥੀਆ: ਪਰ ਇਹਦੀ ਬਿਮਾਰੀ ਕੁੱਛ ਜਿਆਦਾ ਈ ਪੁਰਾਣੀ ਹੋ ਗਈ ਏ।

ਟੀਰਾ: ਕੋਈ ਨਹੀਂ ਫਾਂਡਾ ਵੀ ਉਨਾ ਹੀ ਵੱਡਾ ਕਰ ਦੇਣੇ ਆਂ।

ਕਟਾਰੂ: ਬਿਮਾਰੀ ਤਾਂ ਤੁਹਾਨੂੰ ਸਾਰਿਆਂ ਨੂੰ ਚੰਬੜੀ ਹੋਈ ਏ, ਮੇਰੇ ਤੇ ਮੇਰੇ ਸਤਿਗੁਰੂ ਦੀ ਅਪਾਰ ਕਿਰਪਾ ਏ।

ਪ੍ਰਿਥੀਆ: ਜਰਾ ਸਾਡੀ ਕਿਰਪਾ ਵੀ ਵੇਖ ਲੈ। ਇਹਨੂੰ ਲੈ ਜਾਓ ਅਪਣੇ ਟਿਕਾਣੇ, ਫਿਰ ਇਹਦੀ ਹੋਸ਼ ਟਿਕਾਣੇ ਆ ਜਾਵੇਗੀ।

(ਦੋਵੇਂ ਕਟਾਰੂ ਨੂੰ ਬਾਹਵਾਂ ਤੋਂ ਫੜ ਲੈਂਦੇ ਹਨ)

ਕਟਾਰੂ: ਮੈਂ ਸ਼ਾਂਤੀ ਦਾ ਪੁਜਾਰੀ ਆਂ, ਮੇਰੇ ਨਾਲ ਇਸ ਤਰ੍ਹਾਂ .....

ਪ੍ਰਿਥੀਆ: (ਟੋਕ ਕੇ) ਮੈਂ ਸ਼ਾਂਤੀ ਦਾ ਪੁਜਾਰੀ ਆਂ! ਤੂੰ ਤਾਂ ਸਾਡੀ ਸ਼ਾਂਤੀ ਵੀ ਭੰਗ ਕਰ ਦਿੱਤੀ ਏ।

ਟੀਰਾ: ਅਸੀਂ ਇਹਦੀ ਸ਼ਾਂਤੀ ਭੰਗ ਕਰ ਦਿਆਂਗੇ।

ਕਟਾਰੂ: ਜੇ ਤੁਸੀਂ ਮੇਰੇ ਨਾਲ ਬਦਸਲੂਕੀ ਕੀਤੀ ਤਾਂ ਮੈਂ ਵੀ ਤੁਹਾਨੂੰ ਤੁਹਾਡੀ ਭਾਸ਼ਾ ਵਿੱਚ ਜਵਾਬ ਦਿਆਂਗਾ। ਰੱਬ ਦਾ ਖੌਫ ਖਾਓ।

ਪ੍ਰਿਥੀਆ: ਮੇਰੀਆਂ ਨਜ਼ਰਾਂ ਤੋਂ ਇਹਨੂੰ ਪਰੇ ਲੈ ਜਾਓ। ਕਲ੍ਹ ਦਾ ਮੇਮਣਾ ਮੇਰੇ ਵੱਲ ਕਿਵੇਂ ਬਘਿਆੜ ਵਾਂਗੂੰ ਵੇਖਦਾ ਸੀ। ਜੇ ਇਵੇਂ ਦੇ ਦਸ ਬਾਰਾਂ ਬੰਦੇ ਅਰਜਨ ਕੋਲ ਹੋ ਗਏ ਤਾਂ ਬੇੜੀ ਉਲਟ ਵੀ ਸਕਦੀ ਏ। ਪਰ ਮੈਂ ਇਵੇਂ ਹਰਗਿਜ਼ ਨਹੀਂ ਹੋਣ ਦਿਆਂਗਾ। ਮੈਂ ਬੂਰੇ ਦੇ ਘਰ ਤਕ ਜਰੂਰ ਜਾਵਾਂਗਾ।

ਆਵਾਜ਼: ਜੈਸਾ ਬੀਜੈ ਸੋ ਲੁਣੇ ਕਰਮਾ ਸੰਦੜਾ ਖੇਤੁ॥
ਅਕ੍ਰਿਤਘਣਾ ਰਹਿ ਵਿਸਰਿਆ ਜੋਨੀ ਭਰਮੇਤੁ॥

ਪ੍ਰਿਥੀਆ: ਕੀਰਤਨ ਦੀ ਵਾਜ ਸੁਣ ਕੇ ਐਂ ਲਗਦੈ ਜਿਵੇਂ ਮੇਰੇ ਸਿਰ 'ਚ ਠਾਹ ਸੋਟਾ ਵੱਜਾ ਹੋਵੇ। ਮੇਰਾ ਖੋਟੀ ਕੌਡੀ ਮੁੱਲ ਨਹੀਂ ਰਿਹਾ। ਮੇਰੇ ਮੁੱਠੀ ਭਰ ਸਾਥੀਆਂ ਨੂੰ ਛੱਡ ਕੇ ਸਾਰੇ ਅਰਜਨ ਵੱਲ



ਤੁਰੀ ਜਾ ਰਹੇ ਨੇ। ਸਾਰੇ ਮੂਰਖ ਨੇ ਮੂਰਖ। ਮੇਰਾ ਹਿੱਸੇ ਦਾ ਚੜ੍ਹਾਵਾ ਤਾਂ ਹੁਣ ਲੱਗਰ ਵਿੱਚ ਈ ਸਿੱਧਾ ਜਾਵੇਗਾ ਤੇ.....ਮੇਰੇ ਦਿਮਾਗ ਨੂੰ ਘੇਰਣੀਆਂ ਪੈਂਦੀਆਂ ਪਈਆਂ ਨੇ ਰੱਬਾ! (ਟੀਰਾ ਤੇ ਮੀਨਾ ਆਉਂਦੇ ਹਨ)

ਟੀਰਾ: ਇੱਕ ਖੁਸ਼ੀ ਦੀ ਖ਼ਬਰ ਲੈ ਕੇ ਆਇਆਂ।

ਪ੍ਰਿਥੀਆ: (ਉਤਸੁਕਤਾ ਵਿੱਚ) ਖੁਸ਼ੀ ਦੀ ਖ਼ਬਰ?

ਟੀਰਾ: ਅਰਜਨ ਦੇਵ ਨੇ ਗੁਰੂ ਦੇ ਬਜਾਰ ਦੀਆਂ ਦੁਕਾਨਾਂ ਦਾ ਕਿਰਾਇਆ ਤੇ ਬਜਾਰ ਦੀ ਆੜ੍ਹਤ ਤੁਹਾਡੇ ਲਈ ਛੱਡ ਦਿੱਤੀ ਏ। ਮਹਾਂਦੇਵ ਲਈ ਚੌਂਕ ਪਾਸੀਈਂ ਦੇ ਬਜਾਰ ਦੀ ਆੜ੍ਹਤ।

ਪ੍ਰਿਥੀਆ: ਇਹ ਸਾਡੀ ਪਹਿਲੀ ਕਾਮਯਾਬੀ ਏ।

ਮੀਨਾ: ਜੀ ਹਾਂ, ਪੌੜੀ ਪੌੜੀ ਚੜ੍ਹਦਾ ਜਾ, ਰੱਬ ਦਾ ਨਾਂ ਪੜ੍ਹਦਾ ਜਾ ਤੇ ਸਭ ਕੁੱਝ ਹਾਸਲ ਕਰਦਾ ਜਾ।

ਟੀਰਾ: ਕਿਸੇ ਨੇਕ ਬੰਦੇ ਨੇ ਅਰਜਨ ਦੇਵ ਨੂੰ ਇਹ ਨੇਕ ਸਲਾਹ ਦਿੱਤੀ ਹੋਵੇਗੀ।

ਪ੍ਰਿਥੀਆ: ਉਹਨੇ ਡਰ ਕੇ ਹੀ ਛੱਡਿਐ। ਉਹਨੂੰ ਪਤੈ ਜੇ ਨਾ ਛੱਡਿਆ ਤਾ ਜੋਰਾਵਰ ਪ੍ਰਿਥੀਆ ਖੁਦ ਖੋਹ ਲਵੇਗਾ। ਆਈ ਤੇ ਆ ਜਾਵਾਂ ਤਾਂ ਨਗਰੀ ਫੂਕ ਕੇ ਰੱਖ ਦਿਆਂ।

ਆਵਾਜ਼: ਜਿਸ ਧਨ ਕਾ ਤੁਮ ਗਰਬ ਕਰਤ ਹਉ ਸੋ ਧਨ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸ ਤਉ ਲਾਗੈ ਪਛੁਤਾਪਿ॥

ਪ੍ਰਿਥੀਆ: (ਆਵਾਜ਼ ਤੋਂ ਪਰੇਸ਼ਾਨ ਹੁੰਦਾ ਹੋਇਆ) ਇਹ ਵਾਜ ਮੇਰਾ ਫੱਕਾ ਮਾਰ ਕੇ ਛੱਡੇਗੀ।

ਮੀਨਾ: ਕੋਈ ਨਹੀਂ ਬਾਬਾ ਜੀ, ਡਾਢੇ ਦੇ ਸਤੀਂ ਵੀਹੀਂ ਸੌ ਹੁੰਦੇ ਨੇ।

ਟੀਰਾ: ਸਾਡੇ ਲੱਖ ਜਤਨ ਕਰਨ ਦੇ ਬਾਵਜੂਦ ਵੀ ਦੁਨੀਆਂ ਦੀ ਭੀੜ ਅਰਜਨ ਦੇਵ ਦੁਆਲੇ ਵਧਦੀ ਜਾਂਦੀ ਏ ਤੇ ਇਧਰ ਆਏ ਦਿਨ ਸਾਡਾ ਕੋਈ ਨਾ ਕੋਈ ਸਾਥੀ ਕਿਰ ਜਾਂਦੈ। ਸਾਡਾ ਹਰ ਜਤਨ ਸਾਨੂੰ ਈ ਪੁੱਠਾ ਪੈ ਰਿਹੈ।

ਮੀਨਾ: ਗੁਰ ਗੱਦੀ ਤਾਂ ਆਖਰਕਾਰ ਸਾਡੀ ਈ ਹੋਵੇਗੀ।

ਟੀਰਾ: ਉਹ ਕਿਵੇਂ?

ਮੀਨਾ: ਅਰਜਨ ਦੇਵ ਦੀ ਅਪਣੀ ਤਾਂ ਕੋਈ ਔਲਾਦ ਹੈ ਈ ਨਹੀਂ ਤੇ ਉਹ ਬਾਬਾ ਪ੍ਰਿਥੀ ਚੰਦ ਦੇ ਲੜਕੇ ਮਿਹਰਬਾਨ ਨੂੰ ਈ ਗੱਦੀ ਸੌਂਪੇਗਾ।

ਪ੍ਰਿਥੀਆ: ਮੇਰੇ ਲਈ ਧਰਵਾਸ ਵਾਲੀ ਗੱਲ ਇਹੋ ਬਚੀ ਏ। ਜੇ ਇਹ ਵੀ ਧਰਵਾਸ ਨਾ ਹੁੰਦਾ ਤਾਂ ਮੈਂ ਹੇਠ ਲਾ ਉਪਰ ਕਰ ਦੇਂਦਾ। ਆਖਰ ਕਾਰ ਮੇਰਾ ਪੁੱਤਰ ਈ ਗੁਰ ਗੱਦੀ ਤੇ ਬੈਠੇਗਾ।

(ਬੜੀ ਜ਼ੋਰਦਾਰ ਅਵਾਜ਼ ਆਉਂਦੀ ਹੈ)
ਦਸੀ ਮਾਸੀ ਹੁਕਮ ਬਾਲਕ ਜਨਮ ਲੀਆ॥
ਮਿਟੀਆ ਸੋਗ ਮਹਾ ਅਨੰਦ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ॥
ਸਾਚੇ ਸਾਹਿਬ ਕੇ ਮਨਿ ਭਾਵੈ॥

ਪ੍ਰਿਥਿਆ: (ਭੈਭੀਤ ਹੁੰਦਾ ਹੋਇਆ) ਇਹ ਤੁਫਾਨ ਵਰਗੀ ਵਾਜ?

ਮੀਨਾ: ਮੇਰਾ ਵੀ ਦਿਲ ਕੰਬ ਗਿਐ।

ਟੀਰਾ: ਮੇਰੀਆਂ ਅੱਖਾਂ ਖੁੱਲ ਰਹੀਆਂ ਨੇ।

(ਕਟਾਰੂ ਆਉਂਦਾ ਹੈ)

ਕਟਾਰੂ: ਭਾਈ ਪ੍ਰਿਥੀਆ ਜੀ, ਵਧਾਈ ਹੋਵੇ।

ਪ੍ਰਿਥੀਆ: ਤੂੰ ਜਰੂਰ ਕੋਈ ਪੁੱਠੀ ਭੁਆਟਣੀ ਦੇਵੇਂਗਾ।

ਕਟਾਰੂ: ਸਾਰੀ ਦੁਨੀਆਂ ਖੁਸ਼ੀਆਂ ਮਨਾ ਰਹੀ ਏ, ਸੱਚੇ ਪਾਤਸ਼ਾਹ ਗੁਰੂ ਅਰਜਨ ਦੇਵ ਦੇ ਘਰ ਇੱਕ ਰੱਬੀ ਨੂਰ ਵਾਲੇ ਪੁੱਤਰ ਨੇ ਜਨਮ ਲਿਐ।

ਪ੍ਰਿਥੀਆ: (ਕੜਵਾਹਟ ਵਿੱਚ) ਤੂੰ ਬਲਦੀ ਤੇ ਤੇਲ ਪਾ ਦਿੱਤੈ ਕਟਾਰੂ ਮੱਲਾ! ਮੈਂ ਤੈਨੂੰ ਨਹੀਂ ਛਡਾਂਗਾ।

ਕਟਾਰੂ: ਖੁਸ਼ੀ ਦਾ ਵੇਲਾ ਏ, ਮੈਂ ਤੇਰੇ ਨਾਲ ਨਹੀਂ ਲੜਾਂਗਾ।

ਮੀਨਾ: ਬਚੀ ਆਸ ਤੇ ਵੀ ਪੈ ਗਈ ਮਿੱਟੀ।

ਪ੍ਰਿਥੀਆ: (ਪਾਗਲਾਂ ਵਾਂਗ) ਮੈਂ ਜੋ ਵੀ ਸੋਚਦਾਂ, ਸਭ ਕੁੱਝ ਉਹਦੇ ਉਲਟ ਹੋਈ ਜਾਂਦੈ। (ਆਪਣੇ ਸਿਰ ਵਿੱਚ ਮੁੱਕੇ ਮਾਰਨ ਲੱਗ ਪੈਂਦਾ ਹੈ) ਮੇਰੀਏ ਖੋਟੀਏ ਕਿਸਮਤੇ! ਤੂੰ ਕੀ ਲੇਖ ਲਿਖਾ ਕੇ ਆਈ ਏਂ, ਮੇਰੀ ਜ਼ਿੰਦਗੀ 'ਚ ਹਨੇਰਾ ਈ ਹਨੇਰਾ ਏ। ਮੈਂ ਇਸ ਵੱਡੇ ਗੁਰੂ ਦੀ ਨਗਰੀ ਨੂੰ ਤਬਾਹ ਕਰ ਦੇਵਾਂਗਾ, ਨਾਸ਼ ਕਰ ਦੇਵਾਂਗਾ। (ਸੰਭਲਦਾ ਹੋਇਆ) ਮੀਣਿਆ, ਤੂੰ ਜਾ ਸਿੱਧਾ ਮੁਗਲ ਬਾਦਸ਼ਾਹ ਜਹਾਂਗੀਰ ਦੇ ਅਹਿਲਕਾਰ ਅਬਦੁਲ ਖਾਂ ਕੋਲ। ਉਹਨੂੰ ਰਿਸ਼ਵਤ ਭਰ ਕੇ ਉਹਦਾ ਮੂੰਹ ਕਾਲਾ ਕਰ ਦੇ।

ਟੀਰਾ: ਹੁਣ ਤੀਰ ਵੱਜੇਗਾ ਐਨ ਨਿਸ਼ਾਨੇ ਤੇ।

ਪ੍ਰਿਥਿਆਂ: ਹੁਣ ਜੱਗ ਤੱਕੇਗਾ ਕਿ ਪ੍ਰਿਥੀਆ ਕੀ ਚਮਤਕਾਰ ਵਿਖਾ ਸ਼ਕਦੈ। ਮੈਂ ਜਹਾਂਗੀਰ ਤੇ ਦਰਬਾਰ ਵਿੱਚ ਅਪਣਾ ਪੱਖ ਰੱਖਾਂਗਾ ਤੇ ਗੁਰ ਗੱਦੀ ਤੇ ਆਪਣਾ ਦਾਅਵਾ ਜਿਤਾਵਾਂਗਾ। (ਤਿੰਨੋ ਹੱਸਦੇ ਹਨ)

**ਤੀਜੀ ਝਾਕੀ**

ਸਥਾਨ ਲਾਹੌਰ ਚੰਦੂ ਦੇ ਘਰ ਦਾ ਵਿਹੜਾ।

(ਚੰਦੂ ਸ਼ਾਨਦਾਰ ਬਿਸਤਰੇ ਤੇ ਬਿਰਾਜਮਾਨ ਹੈ, ਕੋਲ ਹੀ ਪਏ ਮੂੜੇ ਤੇ ਇੱਕ ਲਾਗੀ ਬੈਠਾ ਹੈ)



ਚੰਦੂ: (ਲਾਗੀ ਨੂੰ) ਮੇਰੀ ਪੁੱਤਰੀ ਲਈ ਕੋਈ ਯੋਗ ਵਰ ਲੱਭਾ ਏ ਕਿ ਨਹੀਂ?

ਲਾਗੀ: ਦੂਰ ਦੂਰ ਤੱਕ ਵਰ ਦੀ ਭਾਲ 'ਚ ਕਈ ਦਿਨ ਘੁੰਮਦੇ ਰਹੇ। ਕਈ ਵਰ ਵੇਖੇ, ਬੜੇ ਹਿਸਾਬ ਲਾਏ ਕਿ ਕਿਹੜਾ ਵਰ ਯੋਗ ਏ। ਛੈਲ ਛਬੀਲੇ ਨੌਜਵਾਨ ਵੇਖੇ। ਬੜੇ ਬੜੇ ਵੱਡੇ ਖਾਨਦਾਨ ਵੇਖੇ ਤੇ ਕਹਿੰਦੇ ਕਹਾਉਂਦੇ ਵਪਾਰੀ ਵੀ।

ਚੰਦੂ: (ਕਾਹਲਾ ਪੈਂਦਾ ਹੋਇਆ) ਕੀਤਾ ਕੀ?

ਲਾਗੀ: ਇੱਕ ਵਪਾਰੀ ਦਾ ਪੁੱਤਰ ਪਸੰਦ ਕਰ ਲਿਐ।

ਚੰਦੂ: (ਖੁਸ਼ੀ ਵਿੱਚ) ਕਿਹੜਾ ਵਪਾਰੀ? ਉਹਦਾ ਵਪਾਰ ਕਾਹਦਾ ਏ।

ਲਾਗੀ: ਉਹ ਸੱਚ ਦਾ ਵਪਾਰੀ ਏ।

ਚੰਦੂ: ਸੱਚ ਦਾ ਵੀ ਕੋਈ ਵਪਾਰੀ ਹੁੰਦੈ?

ਲਾਗੀ: ਹਾਂ, ਉਹ ਸੱਚ ਦਾ ਪੁਜਾਰੀ ਏ। ਲੋਕ ਉਹਦੇ ਦਰ ਤੇ ਮਸਤਕ ਝੁਕਾਉਂਦੇ ਨੇ, ਮਨ ਚਾਹਿਆ ਫਲ ਪਾਉਂਦੇ ਨੇ। ਲੋਕ ਉਹਦੇ ਕਦਮਾਂ ਦੀ ਧੂੜ ਚੁੱਕ ਚੁੱਕ ਮੱਥੇ ਨੂੰ ਲਾਉਂਦੇ ਨੇ।

ਚੰਦੂ: ਪਰ ਉਹ ਹੈ ਕੌਣ?

ਲਾਗੀ: ਉਹ ਦੋ ਜਹਾਨ ਦਾ ਵਾਲੀ ਗੁਰੂ ਅਰਜਨ ਦੇਵ ਜੀ ਏ, ਉਹ ਗੁਰੂ ਨਾਨਕ ਦੇਵ ਦੀ ਗੱਦੀ ਤੇ ਪੰਜਵੀਂ ਜੋਤ ਦੇ ਰੂਪ ਵਿੱਚ ਬਿਰਾਜਮਾਨ ਨੇ, ਅਸੀਂ ਸ਼ਗਨ ਘੱਲ ਦਿੱਤੈ।

ਚੰਦੂ: (ਗੁੱਸੇ ਵਿੱਚ) ਸ਼ਗਨ ਘੱਲ ਦਿੱਤੈ? ਇਹ ਕੀ ਪਾਗਲ ਪਨ ਕੀਤੈ?

ਲਾਗੀ: ਅਸਾਂ ਤਾਂ ਇਹ ਸਮਝਦੇ ਸੀ ਸੁਣਦੇ ਸਾਰ ਤੁਹਾਡੀ ਅੱਡੀ ਜਮੀਨ ਤੇ ਨਹੀਂ ਲੱਗੇਗੀ...

ਚੰਦੂ: ਤੁਸੀਂ ਮੈਨੂੰ ਜਮੀਨ ਤੇ ਖੜ੍ਹਾ ਹੋਣ ਜੋਗਾ ਨਹੀਂ ਛੱਡਿਆ।

ਲਾਗੀ: ਸਾਨੂੰ ਗੁਰੂ ਜੀ ਦੇ ਪੁੱਤਰ ਹਰ ਗੋਬਿੰਦ ਤੋਂ ਵੱਧ ਸੁਹਣਾ ਤੇ ਹੋਣਹਾਰ ਨੌਜਵਾਨ ਕਿਤੇ ਨਜ਼ਰ ਨਹੀਂ ਆਇਆ।

ਚੰਦੂ: ਤੁਹਾਡੀ ਲਾਗੀਆਂ ਦੀ ਅੱਖ ਧੋਖਾ ਖਾ ਗਈ ਏ।

ਲਾਗੀ: ਸਾਡੀਆਂ ਤਜਰਬੇਕਾਰ ਅੱਖਾਂ ਕਦੇ ਧੋਖਾ ਨਹੀਂ ਖਾ ਸਕਦੀਆਂ ਦੀਵਾਨ ਜੀ।

ਚੰਦੂ: ਤੁਹਾਡੀ ਅਕਲ ਦਾ ਜਨਾਜਾ ਨਿਕਲ ਗਿਐ। ਤੁਸੀਂ ਇਹ ਕਿਵੇਂ ਭੁੱਲ ਗਏ ਕਿ ਮੈਂ ਹਾਂ ਕੌਣ?

ਲਾਗੀ: ਸਾਨੂੰ ਚੰਗੀ ਤਰ੍ਹਾਂ ਯਾਦ ਰਿਹੈ ਕਿ ਤੁਸੀਂ ਦੀਵਾਨ ਹੋ।

ਚੰਦੂ: (ਘੁਮੰਡ ਵਿੱਚ) ਮੈਂ ਲਾਹੌਰ ਦਾ ਦੀਵਾਨ ਹਾਂ, ਲਾਹੌਰ ਦਾ ਦੀਵਾਨ ਤੇ ਉਹ ਹੈ ਕੀ ਏ - ਇੱਕ ਸਾਧ।

ਲਾਗੀ: ਉਹ ਸੱਚ ਦਾ ਸੂਰਜ ਏ।

ਚੰਦੂ: ਉਹ ਸੂਰਜ ਹੀ ਕਾਅਦਾ ਜਿਹਦੀ ਗਰਮੀ ਨਾ ਹੋਵੇ। ਮੇਰੇ ਇੱਕ ਹੁਕਮ ਤੇ ਵਕਤ ਰੁੱਕ ਜਾਂਦੈ। ਲੋਕਾਂ ਦੇ ਪੈਰਾਂ ਵਿੱਚ ਬੇੜੀਆਂ ਪੈ ਜਾਂਦੀਆਂ ਨੇ। ਮੈਂ ਕਿਤੇ ਜਾ ਰਿਹਾ ਹੋਵਾਂ ਤਾਂ ਲੋਕ ਖੜ੍ਹੇ ਹੋ ਹੋ ਸਿਰ ਨੀਵਾਂ ਕਰ ਲੈਂਦੇ ਨੂੰ ਨੇ। ਤੁਸੀਂ ਚੁਬਾਰੇ ਦੀ ਇੱਟ ਇੱਕ ਮੋਗੀ ਦੀ ਇੱਟ ਨਾਲ ਲਾ ਦਿੱਤੀ ਏ।

ਲਾਗੀ: ਤੁਹਾਡੀ ਰਾਜਸੀ ਸ਼ਕਤੀ ਕਰਕੇ ਈ ਲੋਕ ਡਰਦੇ ਹੋਏ ਨਿੰਵ ਜਾਂਦੇ ਨੇ। ਪਰ ਸੱਚੇ ਪਾਤਸ਼ਾਹ ਗੁਰੂ ਅਰਜਨ ਦੇਵ ਦੀ ਤਾਂ ਦੁਨੀਆਂ ਦੀ ਸੁਰਗਪੁਰੀ ਏ। ਉਹਨਾਂ ਦੇ ਸਿੱਖ ਗੁਰੂ ਜੀ ਵਾਸਤੇ ਹਰ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਨੇ।

ਚੰਦੂ: ਮੇਰੇ ਕੋਲ ਮਹਿਲ ਨੇ, ਘੋੜੇ ਨੇ, ਗੁਲਾਮ ਨੇ। ਕਿੰਨੀ ਦੌਲਤ ਏ ਮੇਰੇ ਕੋਲ। ਉਸ ਸਾਧ ਦੇ ਪੱਲੇ ਕੀ ਏ? ਉਹ ਤਾਂ ਲੋਕਾਂ ਵੱਲੋਂ ਕੀਤੇ ਦਾਨ ਤੇ ਗੁਜ਼ਾਰਾ ਕਰਦੈ।

ਲਾਗੀ: ਲੋਕਾਂ ਵੱਲੋਂ ਕੀਤੇ ਦਾਨ ਨਾਲ ਤਾਂ ਉਹ ਲੰਗਰ ਚਲਾ ਰਹੇ ਨੇ, ਜਿਸ ਵਿੱਚ ਹਰ ਕੋਈ ਅਮੀਰ, ਗਰੀਬ, ਸਾਰੀਆਂ ਜਾਤਾਂ ਦੇ ਲੋਕ ਇੱਕੋ ਪੰਗਤ ਵਿੱਚ ਬੈਠ ਕੇ ਭੋਜਨ ਛਕਦੇ ਨੇ। ਉਹਨਾਂ ਦੇ ਦਵਾਰੇ ਹਿੰਦੂ ਵੀ ਜਾਂਦੇ ਨੇ ਮੁਸਲਮਾਨ ਵੀ। ਉਹਨਾਂ ਦੇ ਸ਼ਰਧਾਲੂਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਏ। ਅਕਬਰ ਬਾਦਸ਼ਾਹ ਵੀ ਇਸੇ ਗੁਰਗੱਦੀ ਦੇ ਤੀਜੇ ਪਾਤਸ਼ਾਹ ਵਕਤ ਲੰਗਰ ਛਕ ਕੇ ਬਾਗੋਬਾਗ ਹੋ ਗਿਆ। ਖੁਸ਼ ਹੋ ਕੇ ਉਹਨੇ ਕਿੰਨੀ ਜਮੀਨ ਥੋੜੀ ਜਿਹੀ ਕੀਮਤ ਤੇ ਗੁਰੂ ਘਰ ਨੂੰ ਦੇ ਦਿੱਤੀ ਤੁਸੀਂ ਤਾਂ ਆਪਣੇ ਆਪ ਨੂੰ ਭਾਗਾਂ ਵਾਲੇ ਸਮਝੋ, ਜਿਨਾਂ ਦੀ ਪੁੱਤਰੀ ਲਈ ਇੱਕ ਅਨਮੋਲ ਹੀਰਾ ਮਿਲ ਗਿਐ।

(ਚੰਦੂ ਦੇ ਮਨ ਤੇ ਲਾਗੀ ਦੀਆਂ ਗੱਲਾਂ ਦਾ ਕੁੱਝ ਅਸਰ ਹੋ ਜਾਂਦਾ ਹੈ। ਉਸ ਦਾ ਗੁੱਸਾ ਠੰਡਾ ਹੋ ਜਾਂਦਾ ਹੈ। ਉਹਦੇ ਚਿਹਰੇ ਤੇ ਤਸੱਲੀ ਦੇ ਹਾਵ ਭਾਵ ਨਜ਼ਰ ਆਉਂਦੇ ਹਨ।

ਚੰਦੂ: ਨਾ ਚਾਹੁੰਦੇ ਹੋਏ ਵੀ ਮੈਨੂੰ ਇਹ ਰਿਸ਼ਤਾ ਕਰਨਾ ਪਵੇਗਾ। ਮੈਂ ਤੁਹਾਨੂੰ ਜੁਬਾਨ ਦੇ ਬੈਠਾ ਸੀ ਜਿਥੇ ਤੁਸੀਂ ਠੀਕ ਸਮਝੋਗੇ, ਸ਼ਗਨ ਦੇ ਦੇਣਾ।

(ਦੂਜਾ ਲਾਗੀ ਆਉਂਦਾ ਹੈ)

ਪਹਿਲਾ ਲਾਗੀ: ਸ਼ਗਲ ਲੈ ਲਿਐ ਗੁਰੂ ਜੀ ਨੇ?

ਦੂਜਾ ਲਾਗੀ: ਨਹੀਂ। ਉਹਨਾਂ ਨੇ ਬੜੀ ਨਿਮਰਤਾ ਨਾਲ ਸ਼ਗਨ ਵਾਪਸ ਕਰ ਦਿੱਤੇ।

ਚੰਦੂ: (ਗੁੱਸੇ ਵਿੱਚ ਭੜਕਦਾ ਹੋਇਆ) ਪਰ ਕਿਉਂ?

ਦੂਜਾ ਲਾਗੀ: ਉਹਨਾਂ ਕਿਹੈ ਦੀਵਾਨ ਚੰਦੂ ਇੱਕ ਵੱਡਾ ਆਦਮੀ ਏ।

ਚੰਦੂ: ਜੇ ਮੈਂ ਵੱਡਾ ਆਦਮੀ ਆਂ ਤਾਂ ਇਸ ਵਿੱਚ ਮਾੜੀ ਗੱਲ



ਕਿਹੜੀ ਹੋਈ। ਉਹਨੂੰ ਫੁੱਲਿਆ ਨਹੀਂ ਸੀ ਸਮੋਣਾ ਚਾਹੀਦੈ।

ਦੂਜਾ ਲਾਗੀ: ਉਹਨਾਂ ਕਿਹੈ ਅਸੀਂ ਸਾਦੀ ਜ਼ਿੰਦਗੀ ਬਤੀਤ ਕਰਨ ਵਾਲੇ ਆਂ ਤੇ ਨੀਵੇ ਬੰਦੇ ਆਂ। ਅਸੀਂ ਆਪਣੇ ਵਰਗੇ ਕਿਸੇ ਨੀਵੇਂ ਨਾਲ ਮੱਥਾ ਲਾਵਾਂਗੇ।

ਚੰਦੂ: ਨੀਵਿਆਂ! ਤੂੰ ਨੀਵਾਂ ਈ ਰਿਹਾ ਨਾ। ਨੀਵੇਂ ਬੰਦੇ ਤੋਂ ਵੱਡੇ ਬੰਦਿਆਂ ਵਾਲੇ ਕੰਮਾਂ ਦੀ ਆਸ ਰੱਖਣੀ ਹਵਾ 'ਚ ਤਲਵਾਰ ਮਾਰਨ ਵਾਲੀ ਗੱਲ ਏ।

ਦੂਜਾ ਲਾਗੀ: ਮੈਨੂੰ ਤਾਂ ਇੰਜ ਜਾਪਿਆ ਜਿਵੇਂ ਉਹ ਨੀਵੇ ਨਹੀ, ਇਹ ਉਹਨਾਂ ਦੇ ਸੁਭਾਅ ਵਿਚਲੀ ਨਿਮਰਤਾ ਜਾਪਦੀ ਸੀ।

ਚੰਦੂ: ਤੂੰ ਉਸ ਸਾਧ ਦੇ ਸੁਭਾਅ ਦੀਆਂ ਸਿਫਤਾਂ ਦੇ ਪੁੱਲ ਬੰਨ ਰਿਹੈਂ ਜਿਹਨੇ ਤੈਨੂੰ ਖਾਲੀ ਮੋੜ ਦਿੱਤਾ।

ਦੂਜਾ ਲਾਗੀ: ਗੁਰੂ ਜੀ ਕੋਲ ਬੈਠੇ ਸਿੱਖਾਂ ਨੇ ਕਿਹਾ ਕਿ ਦੀਵਾਨ ਚੰਦੂ ਦੀ ਹਵਾ ਸਤਵੇਂ ਅਸਮਾਨ ਤੇ ਜਾ ਚੜ੍ਹੀਏ।

ਚੰਦੂ: ਹੋਰ ਮੇਰੀ ਹਵਾ ਪਤਾਲ ਵਿੱਚ ਜਾਵੇਗੀ? ਉੱਚੇ ਰੁਤਬੇ ਵਾਲਿਆਂ ਦੀਆਂ ਗੱਲਾਂ ਸਦਾ ਉੱਚੀਆਂ ਹੁੰਦੀਆਂ ਨੇ। ਸਾਧਾ! ਤੂੰ ਸਾਧਾਂ ਵਾਲੀ ਹੀ ਗੱਲ ਕਰ ਛੱਡੀ। ਤੂੰ ਜਿਥੇ ਹੈਂ, ਉੱਥੇ ਈ ਠੀਕ ਏ।

ਦੂਜਾ ਲਾਗੀ: ਮੈਨੂੰ ਤਾਂ ਇੰਜ ਮਹਿਸੂਸ ਹੋਇਆ ਜਿਵੇਂ ਗੁਰੂ ਜੀ ਉੱਚੇ ਰੁਤਬੇ ਵਾਲਿਆਂ ਤੇ ਆਮ ਲੋਕਾਂ ਵਿੱਚ ਕੋਈ ਫਰਕ ਨਹੀਂ ਸਮਝਦੇ। ਜਦ ਮੈਂ ਗੁਰੂ ਜੀ ਲਾਗੇ ਖੜ੍ਹਾ ਸੀ ਤਾਂ ਤੁਹਾਡੀ ਇਹੋ ਜਿਹੀ ਵਾਜ ਮੇਰੇ ਕੰਨਾਂ ਨੂੰ ਸੁਣ ਰਹੀ ਸੀ- ਮੈਂ ਲਾਹੌਰ ਦਾ ਦੀਵਾਨ ਆਂ ਤੇ ਉਹ ਇੱਕ ਸਾਧ ਏ।

ਚੰਦੂ: ਹਾਂ, ਇਹਦੇ ਵਿੱਚ ਝੂਠ ਵੀ ਕੀ ਏ? (ਗੱਲ ਪਰਤਦਾ ਹੋਇਆ) ਜਦ ਉਹਨੇ ਸ਼ਗਨ ਵਾਪਸ ਕੀਤਾ ਤਾਂ ਉਥੇ ਕਿੰਨੇ ਕੁ ਬੰਦੇ ਸੀ?

ਦੂਜਾ ਲਾਗੀ: ਦੀਵਾਨ ਜੀ, ਉਥੇ ਤਾਂ ਸੈਂਕੜੇ ਬੰਦੇ ਹੋਣਗੇ। ਕਿਸੇ ਨੇ ਤੁਹਾਡੀ ਪਰਵਾਹ ਨਹੀਂ ਕੀਤੀ।

ਚੰਦੂ: ਹੁਣ ਪਰਵਾਹ ਕਰਨਗੇ ਜਦ ਮੈਂ ਉਸ ਸਾਧ ਨੂੰ ਸੂਲੀ ਤੇ ਟੰਗਿਆ। ਮੈਨੂੰ ਉਹਨੇ ਮੂੰਹ ਵਿਖੋਣ ਜੋਗਾ ਨਹੀਂ ਛੱਡਿਆ। ਹੁਣ ਜਦੋਂ ਮੈਂ ਗਲੀਆਂ ਬਜ਼ਾਰਾਂ ਵਿੱਚੋਂ ਲੰਘ ਰਿਹਾ ਹੋਵਾਂਗਾ ਤਾਂ ਲੋਕ ਚੌਕਾਂ ਵਿੱਚ ਖੜ੍ਹੇ ਮੇਰੀਆਂ ਗੱਲਾਂ ਕਰ ਕੇ ਮੇਰਾ ਮਖੌਲ ਉਡਾਣਗੇ ਕਿ ਚੰਦੂ ਦੀ ਨੱਕ ਵੱਢੀ ਗਈ ਅਰਜਨ ਦੇਵ, ਤੂੰ ਜਿਹੜੀ ਭਾਜੀ ਚਾੜ੍ਹੀ ਏ, ਉਹ ਮੈਂ ਜ਼ਰੂਰ ਮੋੜਾਂਗਾ। ਇਹ ਸੌਦਾ ਤੈਨੂੰ ਬਹੁਤ ਮਹਿੰਗਾ ਪਵੇਗਾ।

ਦੂਜਾ ਲਾਗੀ: ਛੱਡੋ ਦੀਵਾਨ ਜੀ, ਸਾਧੂ ਸੰਤਾਂ ਦੇ ਖਿਲਾਫ ਮਾੜਾ ਬੋਲ ਨਹੀਂ ਕੱਢਣਾ ਚਾਹੀਦਾ। ਇਹ ਰੱਬ ਦੇ ਪਿਆਰੇ ਤਾਂ ਬਾਦਸ਼ਾਹਾਂ ਨੂੰ

ਵੀ ਕੁੱਝ ਨਹੀਂ ਸਮਝਦੇ। ਜਦ ਮੈਂ ਉਥੇ ਪਹੁੰਚਿਆ ਤਾਂ ਉਥੇ ਦੀ ਹਵਾ ਮਹਿਕਾਂ ਨਾਲ ਭਰੀ ਹੋਈ ਮਹਿਸੂਸ ਹੋਈ। ਐਂ ਲੱਗਾ ਜਿਵੇਂ ਮੈਂ ਸਵਰਗ ਲੋਕ ਵਿੱਚ ਆ ਗਿਆ ਹੋਵਾਂ।

ਚੰਦੂ: ਤਾਂ ਫਿਰ ਤੇਰੇ ਤੇ ਵੀ ਜਾਦੂ ਚੱਲ ਗਿਐ ਉਸ ਜਾਦੂਗਰ ਦਾ। ਉਸ ਸਾਧੂ ਨੇ ਸਿੱਧਾ ਮੇਰੀਆਂ ਜੜ੍ਹਾਂ ਨੂੰ ਸੱਟ ਮਾਰੀ ਏ। ਹੁਣ ਵੇਖਣਾਂ, ਮੈਂ ਹਨੇਰੀਆਂ ਲਿਆ ਦਿਆਂਗਾ, ਉਹਦਾ ਨਾਮੋ ਨਿਸ਼ਾਨ ਮਿਟਾ ਦਿਆਂਗਾ। ਉਹਨੂੰ ਐਸੀ ਸਜਾ ਦਿਵਾਵਾਂਗਾ ਕਿ ਦੁਨੀਆਂ ਸੁਣ ਸੁਣ ਕੰਬੇਗੀ, ਦੁਨੀਆਂ ਥਰ ਥਰ ਕੰਬੇਗੀ। ਬਾਦਸ਼ਾਹ ਦੇ ਕੰਨ ਐਸੇ ਭਰਾਂਗਾ....ਨਾਲ ਈ ਪਰਲੋ ਆ ਜਾਵੇਗੀ ਅਰਜਨ ਦੇਵ ਲਈ।

**ਚੌਥੀ ਝਾਕੀ**

(ਜਹਾਂਗੀਰ ਤਖਤ ਤੇ ਬੈਠਾ ਹੈ। ਉਸ ਕੋਲ ਨਕਸ਼ਬੰਦੀ ਨੇਤਾ ਸ਼ੇਖ ਅਹਿਮਦ ਸਰਹੰਦੀ ਕੁਰਸੀ ਤੇ ਬੈਠਾ ਹੈ)

ਜਹਾਂਗੀਰ: ਸ਼ੇਖ ਜੀ, ਕਿਸ ਸ਼ਖਸ ਦੀ ਗੱਲ ਕਰਦੇ ਸੀ ਜਿਹਨੇ ਅਵਾਮ ਨੂੰ ਆਪਣੇ ਪਿੱਛੇ ਲਾ ਲਿਐ?

ਸ਼ੇਖ: ਜੀ ਉਹ ਹਿੰਦੂ ਸੰਤ ਅਰਜਨ ਦੇਵ ਏ। ਉਹਦੇ ਕੋਲ ਪਤਾ ਨਹੀਂ ਕਿਹੜੀ ਗਿੱਦੜ ਸਿੰਘੀ ਏ ਜਿਹਦੇ ਨਾਲ ਉਹਦੀ ਦੁਕਾਨ ਤੇ ਪਹਿਲਾਂ ਤੋਂ ਵੱਧ ਗਰਮਾ ਗਰਮੀ ਰਹਿੰਦੀ ਏ।

ਜਹਾਂਗੀਰ: ਉਹਦੀ ਹੱਟੀ ਤੇ ਹਿੰਦੂ ਜਾਂਦੇ ਨੇ ਕੇ ਮੁਸਲਮਾਨ?

ਸ਼ੇਖ: ਉਹਦੀ ਹੱਟੀ ਤੇ ਸਿੱਧ ਪਧਰੇ ਹਿੰਦੂ ਵੀ ਜਾਂਦੇ ਨੇ ਤੇ ਕਈ ਮੂਰਖ ਮੁਸਲਮਾਨਾਂ ਉਪਰ ਉਹਨੇ ਡੋਰੇ ਪਾ ਰੱਖੇ ਨੇ।

ਜਹਾਂਗੀਰ: ਮੁਸਲਮਾਨਾਂ ਦੀ ਮੱਤ ਮਾਰੀ ਗਈ ਏ। ਜੇ ਇਸ ਤਰ੍ਹਾਂ ਚਲਦਾ ਰਿਹਾ ਤਾਂ ਇਹ ਇਸਲਾਮ ਲਈ ਬਹੁਤ ਵੱਡਾ ਸਦਮਾ ਹੋਵੇਗਾ।

ਸ਼ੇਖ: ਉਹਦੀ ਹੱਟੀ ਤਿੰਨ ਚਾਰ ਪੀੜੀਆਂ ਤੋਂ ਗਰਮ ਏ ਤੇ ਉਹ ਹੱਟੀ ਆਪਣੇ ਮਕਸਦ ਵਿੱਚ ਕਾਮਯਾਬ ਹੋ ਰਹੀ ਏ। ਇਸ ਹੱਟੀ ਤੋਂ ਇਹੋ ਆਵਾਜ਼ ਉੱਠਦੀ ਏ-ਨਾ ਸਾਡਾ ਤੁਅੱਲਕ ਹਿੰਦੂ ਧਰਮ ਨਾਲ ਏ ਤੇ ਨਾ ਹੀ ਇਸਲਾਮ ਨਾਲ ਏ।

ਜਹਾਂਗੀਰ: ਤਾਂ ਫਿਰ ਉਹਨਾਂ ਦਾ ਤੁਅੱਲਕ ਕਿਹਦੇ ਨਾਲ ਏ?

ਸ਼ੇਖ: ਉਹਨਾਂ ਦਾ ਆਪਣਾ ਵੱਖਰਾ ਮਜ਼ਹਬ ਏ-ਸਿੱਖ ਮਜ਼ਹਬ। ਅਰਜਨ ਦੇਵ ਨੇ ਆਪਣੇ ਵੱਡੇ ਵਡੇਰਿਆਂ ਤੇ ਕੁੱਝ ਸੰਤਾਂ ਦੀਆਂ ਲਿਖਤਾਂ ਕੱਠੀਆਂ ਕਰ ਕੇ ਇੱਕ ਅਲੱਗ ਹੀ ਕਿਤਾਬ ਤਿਆਰ ਕਰ ਦਿੱਤੀ ਏ।

ਜਹਾਂਗੀਰ: ਉਸ ਕਿਤਾਬ ਦਾ ਨਾਂ ਕੀ ਏ?

ਸ਼ੇਖ: ਸਿੱਖ ਲੋਕ ਇਸ ਕਿਤਾਬ ਨੂੰ ਆਦਿ ਗ੍ਰੰਥ ਕਹਿੰਦੇ ਨੇ। ਜੋ ਕੁੱਝ ਕੁਰਾਨ ਮੁਸਲਮਾਨਾਂ ਲਈ ਏ, ਉਹੀ ਕੁੱਝ ਆਦਿ ਗ੍ਰੰਥ ਸਿੱਖਾਂ



ਲਈ ਏ। ਇਸ ਕਿਤਾਬ ਵਿੱਚ ਮੁਸਲਮਾਨਾਂ ਦੇ ਖਿਲਾਫ ਬੜਾ ਕੁੱਝ ਲਿਖਿਆ ਹੋਇਐ। ਸਿੱਖ ਇਸ ਕਿਤਾਬ ਤੋਂ ਬਿਨਾਂ ਹੋਰ ਕੁੱਝ ਪੜ੍ਹਦੇ ਹੀ ਨਹੀਂ।

ਜਹਾਂਗੀਰ: (ਗੁੱਸੇ ਵਿੱਚ) ਮੇਰੇ ਲਈ ਇਹ ਬਰਦਾਸ਼ਤ ਕਰਨਾ ਨਹਾਇਤ ਮੁਸ਼ਕਲ ਏ।

ਸ਼ੇਖ: ਇਸੇ ਕਰਕੇ ਮੇਰੇ ਜਿਹਨ ਨੂੰ ਪਰੇਸ਼ਾਨੀ ਹੋ ਰਹੀ ਏ। ਅਰਜਨ ਦੇਵ ਦੇ ਸਿੱਖ ਉਹਨੂੰ ਸੱਚਾ ਪਾਤਸ਼ਾਹ ਕਹਿੰਦੇ ਨੇ।

ਜਹਾਂਗੀਰ: ਇਹਦਾ ਮਤਲਬ ਇਹ ਹੋਇਐ ਕਿ ਅਰਜਨ ਦੇਵ ਦੇ ਜਾਦੂ ਨਾਲ ਲੋਕ ਆਕੀ ਹੋ ਰਹੇ ਨੇ।

ਸ਼ੇਖ: ਉਹ ਖੁਦ ਵੀ ਆਕੀ ਏ। ਉਹਦੇ ਸਿੱਖਾਂ ਲਈ ਬਾਦਸ਼ਾਹ ਦਾ ਹੁਕਮ ਕੋਈ ਮਾਅਨੇ ਨਹੀਂ ਰੱਖਦਾ। ਉਹ ਕਹਿੰਦੇ ਨੇ ਸਾਡਾ ਫਕੀਰ ਲੋਕ ਪ੍ਰਲੋਕ ਦਾ ਮਾਲਕ ਏ।

(ਅਬਦੁਲ ਖਾਂ ਆਉਂਦਾ ਹੈ ਅਤੇ ਅਦਬ ਨਾਲ ਝੁੱਕਦਾ ਹੈ)

ਜਹਾਂਗੀਰ: ਅਬਦੁਲ ਖਾਂ! ਤੈਨੂੰ ਕਿਸੇ ਹਿੰਦੂ ਫਕੀਰ ਅਰਜਨ ਦਾ ਕੋਈ ਇਲਮ ਹੈ?

ਅਬਦੁਲ ਖਾਂ: ਬਾਦਸ਼ਾਹ ਸਲਾਮਤ! ਅਰਜਨ ਦੇਵ ਤੇ ਉਹਦੇ ਸਿੱਖਾਂ ਨੇ ਬਿਆਸ ਦੇ ਆਸ ਪਾਸ ਅੱਤ ਚੁੱਕੀ ਹੋਈ ਏ। ਉਹਦੇ ਸਿੱਖ ਚੋਰ, ਡਾਕੂ ਤੇ ਲੁਟੇਰੇ ਨੇ।

ਜਹਾਂਗੀਰ: ਜੇ ਉਹ ਲੋਕ ਡਾਕੂ ਜਾਂ ਲੁਟੇਰੇ ਨੇ ਤਾਂ ਉਹਨਾਂ ਕਾਫਰਾਂ ਦਾ ਨਾਸ਼ ਕਿਉਂ ਨਹੀਂ ਕੀਤਾ ਗਿਆ?

ਅਬਦੁਲ ਖਾਂ: ਉਹ ਬਹਿਰੂਪੀਏ ਨੇ, ਧੋਖੇਬਾਜ਼ ਨੇ। ਪਰ ਅਸੀਂ ਉਹਨਾਂ ਨੂੰ ਨਸੀਹਤ ਦੇ ਕੇ ਹੀ ਰਹਾਂਗੇ।

ਸ਼ੇਖ: ਬਹਿਰੂਪੀਏ ਦੇ ਮੁਰੀਦ ਬਹਿਰੂਪੀਏ ਈ ਹੋਣਗੇ। ਨਸੀਹਤ ਤਾਂ ਅਰਜਨ ਨੂੰ ਈ ਮਿਲਣੀ ਚਾਹੀਦੀ ਏ।

ਅਬਦੁਲ ਖਾਂ: ਉਹਨੇ ਆਪਣੇ ਵੱਡੇ ਭਰਾ ਪ੍ਰਿਥੀਏ ਦਾ ਗੁਰਗੱਦੀ ਦਾ ਹੱਕ ਮਾਰ ਲਿਆ। ਉਹਨੇ ਆਪਣੇ ਜਾਦੂ ਨਾਲ ਲੋਕਾਂ ਉੱਪਰ ਪਤਾ ਨਹੀਂ ਕੀ ਧੂੜਿਆ ਕਿ ਲੋਕ ਉਹਦੇ ਪਿੱਛੇ ਲੱਗ ਗਏ ਤੇ ਪ੍ਰਿਥੀਆ ਵਿਚਾਰਾ ਕੱਲਾ ਈ ਰਹਿ ਗਿਆ।

ਜਹਾਂਗੀਰ: ਜੇ ਉਹ ਭਰਾ ਮਾਰ ਕਰ ਸਕਦੈ ਤਾਂ ਉਹ ਕਿਸੇ ਵੀ ਹੱਦ ਤੱਕ ਜਾ ਸਕਦੈ।

(ਚੰਦੂ ਆਉਂਦਾ ਹੈ ਅਤੇ ਝੁੱਕ ਕੇ ਸਲਾਮ ਕਰਦਾ ਹੈ)

ਅਬਦੁਲ ਖਾਂ: ਚੰਦੂ ਮੱਲ ਕੋਈ ਖ਼ਬਰ ਲਿਆਇਆ ਲਗਦੈ?

ਚੰਦੂ: (ਝੁਕਦੇ ਹੋਏ) ਬਾਦਸ਼ਾਹ ਸਲਾਮਤ! ਪੰਜਾਬ ਅੰਦਰ ਬਗਾਵਤ ਕਰਨ ਦੀਆਂ ਤਿਆਰੀਆਂ ਜ਼ੋਰਾਂ ਤੇ ਹੋ ਰਹੀਆਂ ਨੇ।

ਜਹਾਂਗੀਰ: ਕੌਣ ਏ ਗੁਸਤਾਖ ਜੋ ਬਗਾਵਤ ਕਰ ਰਿਹੈ?

ਚੰਦੂ: ਅਰਜਨ ਦੇਵ ਨਾਂ ਦਾ ਇੱਕ ਸਾਧ ਏ, ਜੋ ਬਾਗੀਆਂ ਨੂੰ ਸ਼ਰਨ ਦੇ ਰਿਹੈ।

ਜਹਾਂਗੀਰ: ਕਿਸ ਬਾਗੀ ਨੂੰ ਉਹਨੇ ਸ਼ਰਨ ਦਿੱਤੀ ਏ?

ਚੰਦੂ: ਉਹਨੇ ਵਿਦਰੋਹੀ ਸ਼ਹਿਜਾਦਾ ਖੁਸਰੋ ਨੂੰ ਸ਼ਰਨ ਦਿੱਤੀ। ਇਸ ਤਰ੍ਹਾਂ ਕਰਕੇ ਉਹਨੇ ਸਰਕਾਰ ਦੇ ਖਿਲਾਫ ਬਗਾਵਤ ਨੂੰ ਭੜਕਾਇਆ ਏ। ਸ਼ਹਿਜਾਦਾ ਖੁਸਰੋ ਨੂੰ ਅਰਜਨ ਦੇਵ ਕੋਲ ਜਾਂਦੇ ਹੋਏ ਹਰ ਬੰਦੇ ਨੇ ਆਪਣੀ ਅੱਖੀਂ ਤੱਕਿਐ।

ਜਹਾਂਗੀਰ: ਉਹਨਾਂ ਦੋਵਾਂ ਨੇ ਸਾਡੇ ਖਿਲਾਫ ਜ਼ਰੂਰ ਕੋਈ ਸਾਜਿਸ਼ ਘੜੀ ਹੋਵੇਗੀ।

ਚੰਦੂ: ਹਜ਼ੂਰ ਦੀ ਗੱਲ ਬਿਲਕੁੱਲ ਦਰੁੱਸਤ ਏ। ਅਰਜਨ ਦੇਵ ਨੇ ਸ਼ਹਿਜਾਦਾ ਖੁਸਰੋ ਦੇ ਮੱਥੇ ਤੇ ਤਿਲਕ ਲਾਇਐ।

ਜਹਾਂਗੀਰ: ਇਹਦਾ ਮਕਸਦ ਕੀ ਸੀ?

ਚੰਦੂ: ਇਹਦਾ ਮਕਸਦ ਸ਼ਹਿਜਾਦੇ ਦਾ ਰਾਜ ਤਿਲਕ ਕਰਨਾ ਸੀ, ਮਤਲਬ ਸ਼ਹਿਜਾਦੇ ਨੂੰ ਮੁਗਲ ਸਲਤਨਤ ਦੇ ਤਖਤ ਤੇ ਬਿਠੌਣਾ।

ਜਹਾਂਗੀਰ: (ਗੁੱਸੇ ਵਿੱਚ ਭੜਕਦਾ ਹੋਇਆ) ਉਹ ਕੌਣ ਹੁੰਦੈ ਅਜਿਹੀ ਕੋਤਾਹੀ ਕਰਨਾ ਵਾਲਾ?

ਸ਼ੇਖ: ਹਜ਼ੂਰ, ਉਹ ਬੰਦਾ ਕੋਤਾਹੀ ਤੇ ਕੋਤਾਹੀ ਕਰੀ ਜਾਂਦੈ।

ਜਹਾਂਗੀਰ: ਉਹਨੇ ਸਾਡੇ ਖਿਲਾਫ ਸਾਜਿਸ਼ ਕਰਕੇ ਗੁਨਾਹ ਕੀਤੇ, ਇਸ ਦੀ ਸਜ਼ਾ ਮਿਲੇਗੀ।

ਸ਼ੇਖ: ਸਜਾ ਵੀ ਐਸੀ ਹੋਣੀ ਚਾਹੀਦੀ ਏ ਕਿ ਫਿਰ ਤੋਂ ਕੋਈ ਬਾਗੀ ਵਾਜ ਉੱਠ ਨਾ ਸਕੇ।

ਜਹਾਂਗੀਰ: ਉਹਨੂੰ ਉਹਦੀ ਇਸ ਗੁਸਤਾਖੀ ਬਦਲੇ ਦੋ ਲੱਖ ਰੁਪਏ ਜੁਰਮਾਨਾ ਭਰਨ ਦਾ ਹੁਕਮ ਦਿੱਤਾ ਜਾਵੇ ਅਬਦੁਲ ਖਾਂ।

ਅਬਦੁਲ ਖਾਂ: (ਹਾਂ ਵਿੱਚ) ਜੀ ਹਜ਼ੂਰ।

ਜਹਾਂਗੀਰ: ਜੇ ਉਹ ਜੁਰਮਾਨਾ ਨਹੀਂ ਭਰਦਾ ਤਾਂ ਉਹਨੂੰ ਇਸਲਾਮ ਕਬੂਲਣ ਲਈ ਕਿਹਾ ਜਾਵੇ।

ਚੰਦੂ: ਮਾਫ ਕਰਨਾ ਬਾਦਸ਼ਾਹ ਸਲਾਮਤ! ਅਰਜਨ ਦੇਵ ਤਾਂ ਸੁਫਨੇ ਵਿੱਚ ਵੀ ਇਸਲਾਮ ਨਹੀਂ ਕਬੂਲੇਗਾ।

ਜਹਾਂਗੀਰ: ਜੇ ਉਹ ਇਸਲਾਮ ਨਹੀਂ ਕਬੂਲੇਗਾ ਤਾਂ ਉਹਨੂੰ ਮੌਤ ਦਾ ਦੰਡ ਦਿੱਤਾ ਜਾਵੇ।

ਅਬਦੁਲ ਖਾਂ: ਜੀ ਹਜ਼ੂਰ।

ਚੰਦੂ: ਇਹੀ ਸਜਾ ਉਹਦੇ ਲਈ ਦਰੁੱਸਤ ਰਹੇਗੀ। ਨਾ ਹੋਏਗਾ ਬਾਂਸ ਤੇ ਨਾ ਵੱਜੇਗੀ ਬਾਂਸਰੀ।

ਜਹਾਂਗੀਰ: ਮੇਰੇ ਹੁਕਮ ਦੀ ਤਮੀਲ ਕੀਤੀ ਜਾਵੇ।



(ਅਬਦੁਲ ਖਾਂ, ਸ਼ੇਖ ਤੇ ਚੰਦੂ ਖੜ੍ਹੇ ਹੋ ਜਾਂਦੇ ਹਨ)

**ਪੰਜਵੀਂ ਝਾਂਕੀ**

ਸਥਾਨ ਜਹਾਂਗੀਰ ਦੇ ਮਹੱਲ ਦਾ ਕਮਰਾ।

(ਜਹਾਂਗੀਰ ਬਿਸਤਰੇ ਤੇ ਬੈਠਾ ਹੈ, ਇੱਕ ਆਲੀਸ਼ਾਨ ਕੁਰਸੀ ਉਪਰ ਸਾਈਂ ਫਕੀਰ ਬੈਠੇ ਹਨ)

ਸਾਈਂ: (ਅੱਖਾਂ ਵਿੱਚ ਹੰਝੂ ਹਨ) ਮੈਂ ਸਾਰੀ ਹਕੀਕਤ ਬਿਆਨ ਕਰ ਦਿੱਤੀ ਏ। ਬਾਦਸ਼ਾਹ, ਖੁਦਾ ਦੇ ਬੰਦੇ ਖੁਦਾ ਦੇ ਗੁਲਾਮ ਹੁੰਦੇ ਨੇ। ਉਹ ਬਾਦਸ਼ਾਹ ਦੇ ਹੁਕਮ ਦੀ ਪਰਵਾਹ ਨਹੀਂ ਕਰਦੇ....ਫਿਰ ਉਸ ਫਕੀਰ ਉੱਪਰ ਕਹਿਰ ਢਾਹਿਆ ਗਿਆ।

(ਕਟਾਰੂ ਆ ਜਾਂਦਾ ਹੈ)

ਜਹਾਂਗੀਰ: (ਚੀਖਦੇ ਹੋਏ) ਆਹ ਭੂਤ ਫਿਰ ਮੇਰੇ ਵੱਲ ਆ ਰਿਹੈ। ਇਹਦੀਆਂ ਅੱਖਾਂ ਵਿੱਚ ਅੱਗ ਵਰਦੀ ਪਈ ਏ।

ਸਾਈਂ: (ਆਪਣੀਆਂ ਸੋਚਾਂ ਵਿੱਚ) ਗੁਰੂ ਜੀ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ। ਉਹਨਾਂ ਦੇ ਜਿਸਮ ਤੇ ਗਰਮ ਗਰਮ ਰੇਤਾ ਪਾਈ ਗਈ.....

ਜਹਾਂਗੀਰ: ਆਹ ਭੂਤ ਮੈਨੂੰ ਸਲਾਖਾਂ ਨਾਲ ਕੁੱਟ ਰਿਹੈ, ਮੇਰਾ ਜਿਸਮ ਜ਼ਰਜ਼ਰ ਹੋ ਗਿਐ।

ਸਾਈਂ: ਬਾਦਸ਼ਾਹ, ਤੂੰ ਆਪਣੇ ਗੁਨਾਹਾਂ ਤੋਂ ਤੋਬਾ ਕਰ।

ਜਹਾਂਗੀਰ: ਮੇਰੇ ਗੁਨਾਹਾਂ ਨੂੰ ਬਖਸ਼ ਦਿੱਤਾ ਜਾਵੇ। ਯਾ ਅੱਲਾ! ਮੇਰੇ ਗੁਨਾਹ ਬਖਸ਼ ਦੇ।

(ਜਹਾਂਗੀਰ ਤਾੜੀ ਵਜਾਉਂਦਾ ਹੈ ਤੇ ਇੱਕ ਸਿਪਾਹੀ ਆਉਂਦਾ ਹੈ)

ਗੁਰੂ ਹਰ ਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲੇ ਚੋਂ ਬੜੇ ਅਦਬ ਨਾਲ ਛੱਡ ਦਿੱਤਾ ਜਾਵੇ। ਚੰਦੂ ਨੂੰ ਤਤਕਾਲ ਮੇਰੇ ਪਾਸ ਭੇਜ ਦੇ। (ਚੰਦੂ ਕੰਬਦਾ ਹੋਇਆ ਅੰਦਰ ਆਉਂਦਾ ਹੈ) ਸਾਈਂ ਜੀ, ਚੰਦੂ ਲਈ ਕੀ ਸਜਾ ਹੋਣੀ ਚਾਹੀਦੀ ਏ?

(ਚੰਦੂ ਭੈਭੀਤ ਹੋ ਜਾਂਦਾ ਹੈ)

ਚੰਦੂ: ਮੇਰੇ ਲਈ ਸਜਾ...ਮੈਂ ਤਾਂ...ਆਪ ਦਾ ਗੁਲਾਮ ਹਾਂ।

ਸਾਈਂ: ਤੇਰੇ ਗੁਨਾਹਾਂ ਕਰਕੇ ਕੁਦਰਤ ਤੇਰੇ ਤੇ ਕਹਿਰਵਾਨ ਹੋ ਗਈ ਏ ਚੰਦੂ।

ਕਟਾਰੂ: ਇਹਨੂੰ ਸਜਾ ਮੈਂ ਦੇਵਾਂਗਾ।

(ਕਟਾਰੂ ਆਪਣੇ ਦੋਵੇਂ ਹੱਥਾਂ ਨੂੰ ਇਕੱਠਾ ਕਰਕੇ ਚੰਦੂ ਦੇ ਸਿਰ ਤੇ ਮਾਰਦਾ ਹੈ)

ਚੰਦੂ: ਮੈਂ ਮਰ ਗਿਆ, ਮੈਨੂੰ ਛੱਡ ਦੇ।

ਜਹਾਂਗੀਰ: ਸਾਈਂ ਜੀ, ਮੈਂ ਤੰਦਰੁਸਤ ਹੋ ਰਿਹਾਂ।

(ਕਟਾਰੂ ਫਿਰ ਚੰਦੂ ਨੂੰ ਕੁੱਟਦਾ ਹੈ)

ਚੰਦੂ: ਮੈਂ ਪਾਪੀ .... (ਕੁੱਟ ਖਾਂਦਾ ਖਾਂਦਾ ਡਿੱਗ ਪੈਂਦਾ ਹੈ)

ਆਵਾਜ਼ ਆਉਂਦੀ ਹੈ: ਜੈਸਾ ਬੀਜੈ ਸੋ ਲੁਣੇ ਕਰਮਾ ਸੰਦੜਾ ਖੇਤ॥
ਅਕ੍ਰਿਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥



# ਮਿੱਟੀ ਅਤੇ ਆਜ਼ਾਦੀ

# ਪਾਤਰ

| | |
|---|---|
| ਬਖਸ਼ੀ: | ਪਹਿਲੇ ਅਤੇ ਆਖਰੀ ਦ੍ਰਿਸ਼ ਵਿੱਚ 65 ਸਾਲ ਦਾ। ਬਾਕੀ ਦ੍ਰਿਸ਼ਾਂ ਵਿੱਚ 15-16 ਸਾਲ ਦਾ। |
| ਡੋਲੀ: | ਬਖਸ਼ੀ ਦੀ ਪ੍ਰੇਮਿਕਾ |
| ਦੀਨਾ ਨਾਥ: | ਉਮਰ 50 ਸਾਲ |
| ਤੇਜਾ ਸਿੰਘ: | ਹਵੇਲੀ ਵਾਲਾ, ਉਮਰ 50 ਸਾਲ |
| ਤਾਰੋ: | ਤੇਜਾ ਸਿੰਘ ਦੀ ਪਤਨੀ, ਉਮਰ 45 ਸਾਲ। |
| ਬਲਕਾਰ: | ਤੇਜਾ ਸਿੰਘ ਦਾ ਪੁੱਤਰ, ਉਮਰ 20 ਸਾਲ। |
| ਪ੍ਰੀਤੀ: | ਤੇਜਾ ਸਿੰਘ ਦੀ ਪੁੱਤਰੀ, ਉਮਰ 18 ਸਾਲ। |
| ਸੰਤੋਖ ਸਿੰਘ: | ਤੇਜਾ ਸਿੰਘ ਦਾ ਗਵਾਂਢੀ, ਉਮਰ ਲਗਭਗ 50 ਸਾਲ। |
| ਮੇਸ਼ੀ, ਸ਼ੇਰੂ: | ਦੋ ਹਥਿਆਰਬੰਦ ਨੌਜਵਾਨ ਹਰੇਕ ਦੀ ਉਮਰ ਲਗਭਗ 20 ਸਾਲ। |
| ਰੋਬਿਨ, ਵਿੱਕੀ: | ਅਜੋਕੀ ਪੀੜ੍ਹੀ ਦੇ ਦੋ ਨੌਜਵਾਨ। |



# ਮਿੱਟੀ ਅਤੇ ਆਜ਼ਾਦੀ

**ਪਹਿਲਾ ਦ੍ਰਿਸ਼**

ਸਥਾਨ: ਕੋਈ ਪੁਰਾਣਾ ਘਰ ਜਿਸਦੇ ਖੁੱਲ੍ਹੇ ਵਿਹੜੇ ਵਿੱਚ ਬਖਸ਼ੀ ਨਾਂ ਦਾ ਬਜ਼ੁਰਗ ਮੰਜੇ ਤੇ ਬੈਠਾ ਹੈ, ਕੋਲ ਹੀ ਦੋ ਨੌਜਵਾਨ ਵਿੱਕੀ ਅਤੇ ਰੋਬਿਨ ਗੱਲਾਂ ਕਰ ਰਹੇ ਹਨ। ਬਖਸ਼ੀ ਇਹਨਾਂ ਦੋਹਾਂ ਦੀ ਗੱਲਾਂ ਤੋਂ ਬੇਖਬਰ ਆਪਣੀ ਦੁਨੀਆਂ ਵਿੱਚ ਗੁਆਚਿਆ ਹੋਇਆ ਹੈ।

ਵਿੱਕੀ: ਬਾਬਾ ਬੋਲਦਾ ਨਹੀਂ।

ਰੋਬਿਨ: ਬਾਬਾ ਗੁਆਚ ਗਿਐ ਕਿਸੇ ਮੇਲੇ 'ਚ।

ਵਿੱਕੀ: ਲਗਦੈ ਬਾਬਾ ਸੁਫਨਾ ਲੈ ਰਿਹੈ।

ਰੋਬਿਨ: ਰਾਤ ਮੈਨੂੰ ਵੀ ਬੜਾ ਕਮਾਲ ਦਾ ਸੁਫਨਾ ਆਇਆ।

ਵਿੱਕੀ: ਸੌਣਾ ਰੂੜੀਆਂ ਤੇ ਸੁਫਨੇ ਲੈਣੇ ਸ਼ੀਸ਼ ਮਹਿਲਾਂ ਦੇ।

ਰੋਬਿਨ: ਰਾਤ ਤਾਂ ਸ਼ੀਸ਼ ਮਹਿਲਾਂ ਵਿੱਚ ਈ ਪਹੁੰਚ ਗਿਆ ਸੀ। ਅਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ। ਸਾਰਾ ਮਾਹੌਲ ਪਰੀਆਂ ਦੇ ਦੇਸ਼ ਵਰਗਾ ਲਗਦਾ ਪਿਆ ਸੀ। ਠੰਡੀ ਠੰਡੀ ਹਵਾ ਤੇ ਪਾਣੀ ਦੇ ਫੁਹਾਰੇ, ਕਿਆ ਬਾਤ ਸੀ! ਕੋਈ ਪਰੀ ਨੱਚ ਰਹੀ ਸੀ, ਇੱਕ ਪਰੀ ਮਿੱਠੀ ਵਾਜ ਵਿੱਚ ਗਾ ਰਹੀ ਸੀ।
ਠੰਡੀ ਠੰਡੀ ਵ੍ਹਾ ਚੰਨਾ ਪੈਂਦੀਆਂ ਫੁਹਾਰਾਂ ਵੇ ਆ ਜਾ ਮੇਰੇ ਮਾਹੀ ਜਿੰਦ ਤੇਰੇ ਉੱਤੋਂ ਵਾਰਾਂ ਵੇ। ਇੱਕ ਪਰੀ ਦਾ ਨਾਂ ਸੀ ਡੋਲੀ। ਉਹਨੇ ਇੱਕ ਅੰਗੜਾਈ ਲਈ ਤਾਂ ਸਾਰਾ ਮੇਲਾ ਲੁੱਟ ਲਿਆ।

(ਡੋਲੀ ਦਾ ਨਾਂ ਸੁਣ ਕੇ ਬਖਸ਼ੀ ਤ੍ਰਭਕਦਾ ਹੈ)

ਬਖਸ਼ੀ: ਕਿਥੇ ਐ ਡੋਲੀ? ਮੇਰੀ ਡੋਲੀ ਕਿਥੇ ਗਈ? ਮੈਨੂੰ ਡੋਲੀ ਦੇ ਦਿਉ।

ਵਿੱਕੀ: ਬਾਬਾ ਬੋਲ ਪਿਐ।

ਰੋਬਿਨ: ਫਿਰ ਚੁੱਪ ਹੋ ਗਿਐ।

ਵਿੱਕੀ: ਪਿਛਲੇ ਕਈ ਦਿਨਾਂ ਤੋਂ ਇਵੇਂ ਕਰ ਰਿਹੈ। ਨਾ ਬੋਲੇ ਤਾਂ ਭਾਵੇਂ ਦਸ ਦਿਨ ਲੰਘ ਜਾਣ। ਬੋਲਣ ਲੱਗੇ ਤਾਂ ਫਿਰ ਕਿਸੇ ਦੀ ਨਹੀਂ ਸੁਣਦਾ। ਆਪਣੀ ਗੱਲ ਮੁਕਾ ਕੇ ਫਿਰ ਗੁੰਮ ਸੁੰਮ ਹੋ ਜਾਂਦੈ।

ਰੋਬਿਨ: ਇਹਦਾ ਦਿਮਾਗ ਈ ਨਾ ਕਿਤੇ ਖਰਾਬ ਹੋ ਜਾਏ।

ਵਿੱਕੀ: ਕਮਲੀਆਂ ਤਾਂ ਪਾਗਲਾਂ ਵਾਂਗੂੰ ਈ ਘੋਟਦਾ ਏ।

ਰੋਬਿਨ: ਮੈਨੂੰ ਤਾਂ ਲਗਦੈ ਇਹਦੇ ਦਿਲ 'ਚ ਕੋਈ ਡੂੰਘਾ ਦੁੱਖ ਦੱਬਿਆ ਪਿਐ। ਜਦ ਯਾਦ ਆਂਦੀ ਏ ਤਾਂ ਫਿਰ ਡੋਲੀ ਡੋਲੀ ਕਰਨ ਲੱਗ ਪੈਂਦੈ।

ਵਿੱਕੀ: ਕਈ ਵਾਰ ਪੁੱਛਿਐ ਬਾਬਾ ਬਖਸ਼ੀ! ਤੇਰਾ ਕੋਈ ਪਿਆਰ ਵਿਹਾਰ ਦਾ ਚੱਕਰ ਤਾਂ ਨਹੀਂ ਚੱਲਿਆ ਜਵਾਨੀ 'ਚ। ਬਾਬਾ ਖੁਸ਼ ਹੋਣ ਦੀ ਥਾਂ ਉਦਾਸ ਹੋ ਜਾਂਦੈ।

ਰੋਬਿਨ: ਸੱਟ ਕਰਾਰੀ ਲੱਗੀ ਜਾਪਦੀ ਏ। ਬਾਬਾ ਸੁਣਦੈਂ?

ਵਿੱਕੀ: ਇਹ ਨਹੀਂ ਸੁਣਦਾ। ਬਾਬਾ ਪਹੁੰਚ ਗਿਐ ਅਪਣੇ ਸੁਫਨ ਸੰਸਾਰ ਵਿੱਚ। (ਉੱਚੀ ਅਵਾਜ਼ ਵਿੱਚ) ਬਾਬਾ! ਅੱਜ ਦਾ ਦਿਨ ਖੁਸ਼ੀਆਂ ਦਾ ਦਿਨ ਏ। ਅੱਜ ਦਾ ਦਿਵਸ ਸਾਡਾ ਆਜ਼ਾਦੀ ਦਿਵਸ ਏ। ਬਾਬਾ! ਤੈਨੂੰ ਸੁਣਾਵਾਂ ਭਾਰਤ ਦਾ ਇਤਿਹਾਸ ਤੇ ਦੱਸਾਂ ਅਸੀਂ ਅਜ਼ਾਦੀ ਕਿਵੇਂ ਲਈ?

ਬਖਸ਼ੀ: (ਅਰਧ ਸੁੱਤਾ) ਹੂੰ।

ਰੋਬਿਨ: ਬਾਬੇ ਨੇ ਹਾਂ ਕਰ ਦਿੱਤੀ ਏ। ਬਾਬੇ ਦਾ ਮੂਡ ਵੀ ਘੜੀ ਘੜੀ ਬਦਲਦਾ ਪਿਆ ਏ।

ਵਿੱਕੀ: ਸਾਡਾ ਭਾਰਤ ਸਦੀਆਂ ਤੱਕ ਵਿਦੇਸ਼ੀਆਂ ਦਾ ਗੁਲਾਮ ਰਿਹਾ। ਗੁਲਾਮੀ ਦਾ ਪਟਾ ਐਸਾ ਗੱਲ ਵਿੱਚ ਪਾਇਆ, ਐਸਾ ਗਲ ਵਿੱਚ ਪਾਇਆ ਕਿ ਇਸ ਪਟੇ ਨੂੰ ਗਲੇ ਦਾ ਗਹਿਣਾ ਈ ਬਣਾ ਲਿਆ। ਫਿਰ ਕੁੱਝ ਦੇਸ਼ ਭਗਤਾਂ ਨੇ ਸੁੱਤੇ ਪਏ ਭਾਰਤੀਆਂ ਦੀ ਸੁੱਤੀ ਅਣਖ ਨੂੰ ਲਲਕਾਰਿਆ ਉੱਠ ਜਾਗ ਘੁਰਾੜੇ ਮਾਰ ਨਾਹੀਂ।

ਰੋਬਿਨ: ਇਹ ਸੌਣ ਤੇਰੇ ਦਰਕਾਰ ਨਹੀਂ।

ਵਿੱਕੀ: ਸਾਡੇ ਲੋਕ ਜਾਗੇ ਤਾਂ ਅੰਗਰੇਜ਼ਾਂ ਨੂੰ ਨੀਂਦ ਔਣੀ ਬੰਦ ਹੋ ਗਈ। ਦੌੜ ਗਏ ਬੋਰੀ ਬਿਸਤਰਾ ਲਪੇਟ ਕੇ ਸੱਤ ਸਮੁੰਦਰ ਪਾਰ। ਸਾਡਾ ਅਪਣਾ ਰਾਜ ਆ ਗਿਆ। ਸਾਨੂੰ ਕਿਸੇ ਨਾਦੂ



ਖਾਂ ਦੇ ਸਾਲੇ ਦੀ ਪਰਵਾਹ ਨਹੀਂ ਸੀ। ਭਾਵੇਂ ਉਹ ਸੌਣ, ਭਾਵੇਂ ਜਾਗਣ। ਪਹਿਲਾਂ ਸਾਡੇ ਹੱਥ ਅੰਗਰੇਜ਼ਾਂ ਦਾ ਕੰਮ ਕਰਦੇ ਸੀ ਤੇ ਫਿਰ ਇਹ ਅਜ਼ਾਦ ਹੋ ਗਏ। ਹੁਣ ਇਹ ਹੱਥ ਭਾਵੇਂ ਪੈਂਟ ਦੀ ਜੇਬ ਵਿੱਚ ਰਹਿਣ, ਕੋਈ ਕਹਿ ਨਹੀਂ ਸਕਦਾ ਬਾਹਰ ਕੱਢ। ਅੱਜ ਲੋਕ ਲੱਡੂ ਵੰਡ ਰਹੇ ਨੇ। ਸਾਡੇ ਨੇਤਾ ਨੇ ਲਾਲ ਕਿਲੇ ਦੀ ਫਸੀਲ ਤੇ ਤਿਰੰਗਾ ਲਹਿਰਾਉਣੈਂ।

ਰੋਬਿਨ: ਸਾਡੇ ਆਪਣੇ ਨਗਰ ਵਿੱਚ ਵੀ ਪ੍ਰਧਾਨ ਨੇ ਝੰਡਾ ਲਹਿਰਾਉਣੈਂ ਪਰ ਜਿੰਨੀ ਰੌਣਕ ਦਿੱਲੀ ਹੋਵੇਗੀ ਉਹ ਤਾਂ ਵੇਖਣ ਵਾਲੀ ਹੋਵੇਗੀ। ਦਿੱਲ ਨੂੰ ਨਵੀਂ ਵਿਆਹੀ ਦੁਲਹਣ ਵਾਂਗ ਸਜਾਇਆ ਗਿਐ।

ਵਿੱਕੀ: ਉਸ ਦੁਲਹਣ ਵਾਂਗ ਜਿਹਨੇ ਹੁਣੇ ਡੋਲੀ ਵਿੱਚ ਬੈਠਣਾ ਹੋਵੇ।

ਬਖਸ਼ੀ: ਡੋਲੀ? ਕਿਥੇ ਡੋਲੀ, ਤੇਰੀ ਡੋਲੀ ਮੇਰੇ ਘਰ ਈ ਆਵੇਗੀ।

ਰੋਬਿਨ: ਬਾਬਾ ਇਸ਼ਕ ਦੀ ਬਿਮਾਰੀ ਦਾ ਮਰੀਜ ਏ। ਮੈਂ ਗੱਲ ਕਰ ਰਿਹਾ ਸੀ ਦਿੱਲੀ ਦੀ। ਦਿੱਲੀ ਸ਼ਹਿਰ ਹੈ ਈ ਦਿਲ ਵਾਲਿਆਂ ਦਾ। ਬੜੇ ਬੜੇ ਵੱਡੇ ਨਾਦੂ ਖਾਂ ਦੇ ਸਾਲੇ ਬਾਦਸ਼ਾਹ ਦਿੱਲੀ ਦੇ ਤਖਤ ਤੇ ਬੈਠ ਕੇ ਸਾਰੇ ਦੇਸ਼ ਤੇ ਹੁਕਮ ਚਲਾਂਦੇ ਰਹੇ।

ਵਿੱਕੀ: ਦਿੱਲੀ ਕਈ ਵਾਰ ਲੁੱਟੀ ਗਈ ਤੇ ਕਈ ਵਾਰ ਵੱਸੀ। ਸਾਡੇ ਦੇਸ਼ ਨੂੰ ਲੋਕ ਸੋਨੇ ਦੀ ਚਿੜੀ ਕਹਿੰਦੇ ਹੁੰਦੇ ਸੀ। ਇਸੇ ਕਰਕੇ ਬਾਹਰੋਂ ਹਮਲਾਵਰ ਸਾਡੇ ਤੇ ਵਾਰ ਵਾਰ ਹਮਲੇ ਕਰਦੇ ਰਹੇ। ਇੱਕ ਬਾਦਸ਼ਾਹ ਨੇ ਭਾਰਤ ਤੇ ਸਤਾਰਾਂ ਵਾਰ ਹਮਲੇ ਕੀਤੇ। ਉਹਦਾ ਢਿੱਡ ਨਾ ਭਰਿਆ ਸੋਨਾ ਚਾਂਦੀ ਲੁਟ ਕੇ। ਫਿਰ ਇੱਕ ਮੰਦਰ ਦੇ ਬੂਹੇ ਈ ਪੁੱਟ ਕੇ ਲੈ ਗਿਆ ਭੁੱਖ ਦਾ ਫੁੱਫੜ। ਕੀ ਸੀ ਨਾਂ ਉਸ ਨਾਦੂ ਖਾਂ ਦੇ ਸਾਲੇ ਦਾ?

ਰੋਬਿਨ: ਉਹਦਾ ਨਾਂ ਸੀ ਮਹਿਮੂਦ ਗਜਨਵੀ।

ਬਖਸ਼ੀ: ਇੱਕ ਨਹੀਂ, ਕਿੰਨੇ ਮਹਿਮੂਦ ਮੈਂ ਅਪਣੀਆਂ ਅੱਖਾਂ ਨਾਲ ਤੱਕੇ ਨੇ। ਤੁਸੀਂ ਨਹੀਂ ਤੱਕੇ? ਮੇਰੀ ਡੋਲੀ ਨੂੰ ਲੈ ਗਿਆ ਕੋਈ ਮਹਿਮੂਦ।

ਵਿੱਕੀ: ਬਾਬੇ ਦਾ ਸਟੇਸ਼ਨ ਫਿਰ ਚਾਲੂ ਹੋ ਗਿਐ। ਆਪਾਂ ਰਿਹਰਸਲ ਕਰ ਲਈਏ ਗੀਤ ਦੀ।

ਦੋਵੇ: (ਗਾਉਂਦੇ ਹੋਏ) ਅਜ਼ਾਦੀ ਦਾ ਦਿਨ ਖੂਬ ਮਨਾਵਾਂਗੇ, ਰਲ ਮਿਲ ਕੇ ਅਸੀਂ ਭੰਗੜੇ ਪਾਵਾਂਗੇ।

ਬਕਸ਼ੀ: (ਉੱਚੀ ਅਵਾਜ਼ ਵਿੱਚ) ਇਹ ਸ਼ੋਰ ਬੰਦ ਕਰੋ।

ਵਿੱਕੀ: ਬਾਬਾ, ਇਹ ਸ਼ੋਰ ਨਹੀਂ, ਅਜ਼ਾਦੀ ਦਾ ਗੀਤ ਏ।

ਬਖਸ਼ੀ: ਮੈਨੂੰ ਮੇਰੀ ਬਰਬਾਦੀ ਦਾ ਗੀਤ ਸੁਣ ਰਿਹੈ। ਤੁਹਾਡਾ ਗੀਤ ਝੂਠਾ ਏ.....

ਰੋਬਿਨ: ਫਿਰ ਤੂੰ ਸੱਚਾ ਗੀਤ ਸੁਣਾ ਦੇ ਬਾਬਾ।

ਬਖਸ਼ੀ: ਮੈਨੂੰ ਸੱਚਾ ਗੀਤ ਸੁਣੌਣਾ ਈ ਪਵੇਗਾ। ( ਗਾਉਂਦਾ ਹੋਇਆ) ਵੇਖਦੇ ਵੇਖਦੇ ਪੈ ਗਈ, ਭਾਈਆਂ ਵਿੱਚ ਲਕੀਰ ਕਲ੍ਹ ਤੱਕ ਜੋ ਸੀ ਆਪਣੇ, ਦੁਸ਼ਮਣ ਬਣ ਗਏ ਵੀਰ। ਉੱਜੜ ਗਈਆਂ ਬਹਾਰਾਂ, ਹੋਈਆਂ ਸੱਥਾਂ ਲੀਰੋ ਲੀਰ। ਖ਼ੂਨ ਨਾਲ ਧਰਤੀ ਰੰਗੀ, ਚੱਲੇ ਕਮਾਨੋਂ ਤੀਰ।

ਵਿੱਕੀ: (ਹੈਰਾਨੀ ਵਿੱਚ) ਬਾਬਾ, ਇਹ ਕਿਸ ਤਰ੍ਹਾਂ ਦਾ ਗੀਤ ਹੋਇਆ?

ਰੋਬਿਨ: ਇਸ ਗੀਤ ਵਿੱਚ ਤਾਂ ਉਦਾਸੀ ਹੀ ਉਦਾਸੀ ਏ।

ਬਖਸ਼ੀ: ਇਹ ਗੀਤ ਉਹਨਾਂ ਹਜ਼ਾਰਾਂ ਲੋਕਾਂ ਦੀ ਵੇਦਨਾ ਏ ਜਿਹੜੇ ਸੰਤਾਲੀ ਦੇ ਅਗਸਤ ਮਹੀਨੇ ਵਿੱਚ ਲੱਖੋਂ ਕੱਖ ਹੋ ਗਏ।

ਰੋਬਿਨ: ਸੰਤਾਲੀ ਵਿੱਚ?

ਬਖਸ਼ੀ: ਤੁਸੀਂ ਮਨਾਓ ਖੁਸ਼ੀਆਂ, ਤੁਹਾਨੂੰ ਕੀ? ਮੈਂ ਕਮਲ ਘੋਟਣ ਲੱਗ ਪੈਣੈਂ ਤੇ ਤੁਹਾਡੇ ਰੰਗ 'ਚ ਭੰਗ ਪੈ ਜਾਏਗਾ। ਮੈਂ ਤਾਂ ਬੱਸ ਇਕ ਦੋ ਦਿਨ ਈ ਤੁਹਾਡੇ ਕੋਲ ਆਂ।

ਵਿੱਕੀ: ਫਿਰ ਕਿਹੜੀ ਗੱਡੀ ਚੜ੍ਹ ਜਾਣੈਂ ਬਾਬਾ?

ਬਖਸ਼ੀ: ਗੱਡੀ ਦਾ ਤਾਂ ਪਤਾ ਨਹੀਂ, ਪਰ ਮੈਂ ਜਾਣੈਂ ਪਾਕਸਤਾਨ ਅਪਣੀ ਧਰਤੀ ਤੇ।

ਰੋਬਿਨ: ਬਾਬਾ ਤੂੰ ਪਾਕਿਸਤਾਨ ਜਾਵੇਂਗਾ? ਤੈਨੂੰ ਅਗਲਿਆਂ ਸਮਝ ਲੈਣੈਂ ਜਸੂਸ ਤੇ ਤੇਰੇ ਆਲਾ ਘੋਗਾ ਚਿੱਤ ਹੋ ਜਾਣੈਂ।

ਬਖਸ਼ੀ: ਮੈਂ ਕਿਹੜਾ ਉਹਨਾਂ ਦੀ ਮਾਂ ਮਾਰ ਦਿੱਤੀ ਏ ਪਾਕਸਤਾਨ ਵਾਲਿਆਂ ਦੀ।

ਰੋਬਿਨ: ਸਾਨੂੰ ਭਾਰਤੀਆਂ ਨੂੰ ਤਾਂ ਉਹ ਐਂ ਪੈਂਦੇ ਨੇ ਜਿਵੇਂ ਬਾਹਮਣ ਖੀਰ ਨੂੰ ਪੈਂਦੈ, ਉਹ ਸਾਨੂੰ ਨਹੀਂ ਵੇਖਣਾ ਚਾਂਹਦੇ।

ਬਖਸ਼ੀ: ਇਹ ਤੁਹਾਡਾ ਨਿਰਾ ਵਹਿਮ ਏ, ਕੋਰਾ ਭਰਮ ਏ।

ਵਿੱਕੀ: ਪਰ ਉਹਨਾਂ ਦਾ ਵੱਖਰਾ ਧਰਮ ਏ।

ਬਖਸ਼ੀ: (ਡੂੰਘਾ ਸਾਹ ਲੈ ਕੇ) ਕੀ ਪਤੈ ਕਿਹਦਾ ਕਿਹੜਾ ਧਰਮ ਏ।

ਵਿੱਕੀ: ਬਾਬਾ ਅੱਜ ਮੁਸਲਮਾਨਾਂ ਦਾ ਬੜਾ ਹਮੈਤੀ ਬਣਿਆ ਫਿਰਦੈ।

ਰੋਬਿਨ: ਤਾਂ ਹੀ ਤਾਂ ਬਾਬਾ ਪਾਕਿਸਤਾਨ ਜਾਣ ਦੀ ਗੱਲ ਕਰ ਰਿਹੈ।

ਵਿੱਕੀ: ਹੋ ਸਕਦੈ ਇਹਨੂੰ ਉਥੇ ਇਹਦੀ ਡੋਲੀ ਮਿਲ ਜਾਏ।

ਰੋਬਿਨ: ਜੇ ਨਾ ਮਿਲੀ ਤਾਂ ਉਹਨਾਂ ਬਾਬੇ ਨੂੰ ਡੋਲੀ 'ਚ ਬਿਠਾ ਦੇਣੈਂ।

ਬਖਸ਼ੀ: ਪੁੱਤਰੋ ਕਰ ਲੋ ਮਖੌਲਾਂ। ਤੁਹਾਡੇ ਪਿਉਵਾਂ ਨੇ ਤਾਂ ਕਦੇ ਟਿੱਚਰ ਕੀਤੀ ਨਹੀਂ, ਉਹਨਾਂ ਦੀ ਕਸਰ ਕੱਢ ਲਉ। ਪਰ ਮੇਰੀ ਡੋਲੀ......

ਵਿੱਕੀ: ਬਾਬਾ ਗੱਲ ਚਲਦੀ ਸੀ ਮੁਸਲਮਾਨਾਂ ਦੀ। ਕਿਵੇਂ ਦੇ ਹੁੰਦੇ ਨੇ ਮੁਸਲਮਾਨ ਲੋਕ?



ਬਖਸ਼ੀ: ਮੇਰੇ ਵਰਗੇ।

ਰੋਬਿਨ: ਨਾ ਨਾ ਤੇਰੇ ਵਰਗੇ ਨਹੀਂ ਹੋ ਸਕਦੇ! ਤੂੰ ਤਾਂ ਬਾਹਲਾ ਈ ਚੰਗਾ ਏ ਜਿਥੇ ਤੂੰ ਨਾ ਹੋਵੇਂ, ਉਥੇ ਰੌਣਕਾਂ ਨਹੀਂ ਬੱਝਦੀਆਂ।

ਬਖਸ਼ੀ: ਦੇਸ਼ ਦੀ ਵੰਡ ਤੋਂ ਪਹਿਲਾਂ ਬਾਰ ਦੇ ਇਲਾਕੇ ਵਿੱਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀਆਂ ਰੌਣਕਾਂ ਕਿਹੜੀਆਂ ਵੰਡੀਆਂ ਹੋਈਆਂ ਸੀ। ਆਹ ਦੇਸ਼ ਤਾਂ ਕਹਿੰਦੇ ਨੇ ਅਜ਼ਾਦ ਹੋ ਗਿਐ ਪਰ ਜੋ ਦਰਦ, ਜੋ ਬਰਬਾਦੀ, ਜੋ ਚੀਸਾਂ ਪੰਜਾਬੀਆਂ ਦੇ ਹਿੱਸੇ ਆਈਆਂ, ਉਹਨਾਂ ਦੀ ਗੱਲ ਕਹਿਣੀ ਪਵੇ ਜਾਂ ਕਿਸੇ ਨੂੰ ਸੁਨਣੀ ਪਵੇ ਤਾਂ ਦੰਦਾਂ ਹੇਠ ਜੀਭ ਰੱਖਣੀ ਪੈਂਦੀ ਏ। ਦੇਸ਼ ਦੀ ਵੰਡ ਤੋਂ ਪਹਿਲਾਂ ਮੈਂ ਵੀ ਮੁਸਲਮਾਨ ਸਾਂ।

ਰੋਬਿਨ: ਆਹ ਛੱਡੀ ਏ ਬਾਬੇ ਨੇ ਕਹਿੰਦੀ ਕਹਾਉਂਦੀ ਗੱਪ। ਬਾਬੇ ਦੀ ਜਿੰਨੀ ਉਮਰ ਵੱਡੀ ਏ, ਗੱਪ ਉਸ ਤੋਂ ਵੀ ਵੱਡੀ ਸੁੱਟੀ ਏ।

ਬਖਸ਼ੀ: ਪੁੱਤਰੋ, ਇਹ ਗੱਪ ਨਹੀਂ, ਇਹ ਸੱਚ ਏ। ਮੈਂ ਤਾਂ ਉਸ ਭੱਠੀ ਵਾਲੀ ਦੀ ਤਲਾਸ਼ ਵਿੱਚ ਇਧਰ ਆ ਗਿਆਂ ਘਰ ਦਿਆਂ ਤੋਂ ਚੋਰੀ। ਪਰ ਮੇਰੀ ਡੋਲੀ ਵੀ ਨਾ ਲੱਭੀ। ਘਰ ਦਿਆਂ ਤੋਂ ਵਿਛੜੇ ਇੱਕ ਜਮਾਨਾ ਲੰਘ ਗਿਆ ਏ।

ਵਿੱਕੀ: ਤਾਂ ਤੇ ਫਿਰ ਤੂੰ ਸੱਚੀਂ ਮੁਸਲਮਾਨ ਏਂ?

ਬਖਸ਼ੀ: ਹੈਰਾਨ ਹੋ ਗਿਐਂ। ਹੁਣ ਮੈਂ ਓਪਰਾ ਓਪਰਾ ਤਾਂ ਨਹੀਂ ਲਗਦਾ?

ਵਿੱਕੀ: ਓਪਰਾ ਤਾਂ ਨਹੀਂ ਪਰ ਅਪਣਾ ਵੀ ਨਹੀਂ ਲੱਗਦਾ।

ਰੋਬਿਨ: ਫਿਰ ਵੀ ਬਾਬਾ ਪਾਕਿਸਤਾਨ ਬਣਨ ਦੀ ਕੋਈ ਗੱਲ ਤਾਂ ਸੁਣਾ। ਗੱਲ ਉਹ ਸੁਣਾਵੀਂ ਜਿਹੜੀ ਤੂੰ ਅੱਖੀਂ ਵੇਖੀ ਹੋਵੇ। ਗੱਲ ਆਪਣੀ ਡੋਲੀ ਤੋਂ ਸ਼ੁਰੂ ਕਰੀਂ।

ਬਖਸ਼ੀ: ਉਹੀ ਸੁਣਾਵਾਂਗਾ ਜੋ ਇਹਨਾ ਅੱਖਾਂ ਨੇ ਵੇਖਿਆ। ਮੈਂ ਉਸ ਵਕਤ ਕੋਈ ਸੋਲ੍ਹਾਂ ਵਰਿਆਂ ਦਾ ਗਭਰੂ ਸੀ ਤੇ ਡੋਲੀ ਮੈਥੋਂ ਸਾਲ ਕੁ ਛੋਟੀ ਹੋਵੇਗੀ।

**ਦੂਜਾ ਦ੍ਰਿਸ਼**

ਸਥਾਨ: ਪਿੰਡ ਤੋਂ ਬਾਹਰ ਕੋਈ ਵੀ ਥਾਂ (ਸੋਲਾਂ ਕੁ ਵਰਿਆਂ ਦਾ ਗਭਰੂ ਬਖਸ਼ੀ ਗਾਉਂਦਾ ਹੈ)

ਬਖਸ਼ੀ: ਘੁੰਡ ਕੱਢ ਲੈ ਪਤਲੀਏ ਨਾਰੇ ਨੀ
ਸਹੁਰਿਆਂ ਦਾ ਪਿੰਡ ਆ ਗਿਆ।
(ਡੋਲੀ ਆਉਂਦੀ ਹੈ)

ਡੋਲੀ: ਬਹੁਤਾ ਗਾਇਆ ਨਾ ਕਰ। ਪਿੰਡ ਦੀਆਂ ਮੁਟਿਆਰਾਂ ਪੱਟੀਆਂ ਜਾਣਗੀਆਂ ਤੇਰ ਗੌਣ ਸੁਣ ਕੇ।

ਬਖਸ਼ੀ: ਅਸੀਂ ਤਾਂ ਅਪਣੀ ਡੋਲੀ ਵਾਸਤੇ ਈ ਗੌਣੇ ਆਂ। ਪਰ ਤੇਰੇ ਵਿੱਚ ਤਾਂ ਮਿਜਾਜ ਈ ਬੜੀ ਹੋ ਗਈ ਏ। ਮਿਜਾਜ ਹੋਵੇ ਵੀ

ਕਿਉਂ ਨਾ.... (ਫਿਰ ਗਾਉਂਦਾ ਹੈ)
ਤੇਰੇ ਹੁਸਨ ਦੀ ਕੀ ਤਰੀਫ ਕਰਾਂ......

ਡੋਲੀ: (ਉਹਦੇ ਮੂੰਹ ਤੇ ਹੱਥ ਰੱਖਦੀ ਹੋਈ) ਨਾ ਕਰ, ਨਾ ਕਰ। ਮੈਨੂੰ ਸੰਗ ਜਿਹੀ ਔਂਦੀ ਏ ਤੇਰੀਆਂ ਇਵੇਂ ਦੀਆਂ ਵੱਖਰੀਆਂ ਜਿਹੀਆਂ ਗੱਲਾਂ ਸੁਣ ਕੇ।

ਬਖਸ਼ੀ: ਉਦੋਂ ਤੈਨੂੰ ਸੰਗ ਨਾ ਆਈ ਜਦ ਤੂੰ ਨੱਚ ਨੱਚ ਧਰਤੀ ਪੁੱਟ ਤੀ। ਲੋਕ ਵੇਖ ਵੇਖ ਮੋਮ ਹੋ ਗਏ।

ਡੋਲੀ: ਤੂੰ ਵੀ ਹੋ ਗਿਆ ਸੀ?

ਬਖਸ਼ੀ: ਮੈਂ? ਮੇਰਾ ਦਿਲ ਤੇਰੇ ਪੈਰਾਂ ਦੇ ਨਾਲ ਨੱਚਦਾ ਪਿਆ ਸੀ। ਮੇਰਾ ਦਿਲ ਕੀਤਾ ਤੇਰੀ ਪਾਇਲ ਦੇ ਨਾਲ ਚੰਬੜ ਜਾਵਾਂ ਘੁੰਗਰੂ ਬਣ ਕੇ ਤੇ ਲਵਾਂ ਝੂਟੇ।

ਡੋਲੀ: ਮੇਰੀਆਂ ਅੱਖਾਂ ਵੀ ਤੇਰੇ ਵੱਲ ਈ ਸੀ। ਤੈਨੂੰ ਅੱਖ ਨਾਲ ਇਸ਼ਾਰਾ ਤਾਂ ਕੀਤਾ ਸੀ ਜਦ ਮੈਂ ਪੀਂਘ ਝੂਟ ਰਹੀ ਸੀ।

ਬਖਸ਼ੀ: ਪੀਂਘ ਦਾ ਨਜ਼ਾਰਾ! ਵਾਹ ਉਏ ਮੇਰੀਆ ਰੱਬਾ! ਇਵੇਂ ਲਗਦਾ ਸੀ ਜਿਵੇਂ ਕੋਈ ਪਰੀ ਧਰਤੀ ਤੇ ਉਤਰ ਆਈ ਹੋਵੇ।

ਡੋਲੀ: ਹਾਏ ਮੈਂ ਮਰ ਗਈ।

ਬਖਸ਼ੀ: ਕਿਹਦੇ ਤੇ?

ਡੋਲੀ: ਤੇਰੀਆਂ ਗੱਲਾਂ ਤੇ।

ਬਖਸ਼ੀ: ਤੈਨੂੰ ਮੇਰੀਆਂ ਗੱਲਾਂ ਚੰਗੀਆਂ ਨਹੀਂ ਲਗਦੀਆਂ?

ਡੋਲੀ: ਹੋਰ ਕੀਹਦੀਆਂ ਚੰਗੀਆਂ ਲਗਦੀਆਂ ਨੇ। (ਗਾਉਂਦੀ ਹੈ)
ਕਰ ਲੈ ਗੱਲਾਂ, ਮਾਰ ਲੈ ਮੱਲਾਂ
ਮੇਲਾ ਚਾਰ ਦਿਨਾਂ ਦਾ।
ਤੂੰ ਰਹਿਣੈਂ ਇਸ ਦੇਸ, ਮੈਂ ਜਾਣੈਂ ਪਰਦੇਸ
ਮੇਲਾ ਚਾਰ ਦਿਨਾਂ ਦਾ।

ਬਖਸ਼ੀ: (ਉਦਾਸੀ ਵਿੱਚ) ਮੇਲਾ ਚਾਰ ਦਿਨਾਂ ਦਾ?

ਡੋਲੀ: ਕਦੇ ਕਦੇ ਖੌਫ ਜਿਹਾ ਉੱਠਦੈ ਮਨ ਵਿੱਚ। ਸਾਰੀ ਉਮਰ ਮੈਂ ਤੈਨੂੰ ਕਿਵੇਂ ਮਿਲ ਸਕਿਆ ਕਰਾਂਗੀ? ਤੇਰਾ ਧਰਮ, ਮੇਰਾ ਧਰਮ.....

ਬਖਸ਼ੀ: ਪਰ ਇੱਕੋ ਕਰਮ.....

ਡੋਲੀ: ਉਹ ਕਿਹੜਾ?

ਬਖਸ਼ੀ: ਪਿਆਰ ਵੰਡਣਾ।

ਡੋਲੀ: ਪਰ ਆਹ ਜਾਤਾਂ ਪਾਤਾਂ, ਧਰਮਾਂ ਦਾ ਈ ਸਾਰਾ ਫਾਹ ਵੇ।

ਬਖਸ਼ੀ: ਹੂੰ। ਇਸ ਚੱਕਰ ਨੂੰ ਕੌਣ ਤੋੜੇਗਾ? ਤੂੰ ਤੋੜ ਸਕਦੀ ਏਂ?

ਡੋਲੀ: ਊਂ ਹੂੰ। ਬਾਪੂ ਦੀ ਨੱਕ ਕੱਟੀ ਜਾਏਗੀ.....ਜਦ ਵਿਆਹੀ ਗਈ ਤਾਂ ਵੀ ਤੈਨੂੰ ਮਿਲਿਆ ਕਰਾਂਗੀ।



ਬਖਸ਼ੀ: ਜਿਹੜੇ ਦਰਿਆ ਲੰਘ ਜਾਣ ਉਹ ਕਦੋਂ ਵਾਪਸ ਔਂਦੇ ਨੇ। ਦਿਲ ਵੀ ਪਾਗਲ ਏ ਜਿਹੜਾ ਵੱਸ ਵਿੱਚ ਨਹੀਂ ਰਹਿੰਦਾ।

ਡੋਲੀ: ਪਤਾ ਨਹੀਂ ਕੀ ਹੋ ਗਿਆ ਮੈਨੂੰ। ਮੈਂ ਤੇਰੇ ਨੇੜੇ ਕਿਉਂ ਹੋਈ? ਤੂੰ ਮੇਰੇ ਨੇੜੇ ਕਿਉਂ? ਸਮਝ ਨੀਂ ਆਉਂਦੀ, ਬੋਲਦਾ ਨਹੀਂ?

ਬਖਸ਼ੀ: ਕੀ ਬੋਲਾਂ? ਕੁੱਝ ਸੁੱਝੇ ਤਾਂ ਈ ਨਾ।

ਡੋਲੀ: ਇਥੇ ਅਸੀਂ ਖੇਤਾਂ ਵਿੱਚ ਆਂ ਜਿਨ੍ਹਾਂ ਦੀ ਕੋਈ ਜਾਤ ਨਹੀਂ ਤੇ ਤੂੰ ਏਂ ਜਾਂ ਮੈਂ ਆਂ।

ਬਖਸ਼ੀ: ਹਾਂ, ਤੂੰ ਜਾਂ ਮੈਂ ਤੇ ਉਪਰ ਵਾਲਾ। ਤੂੰ ਹੀਰ ਏਂ, ਮੈਂ ਰਾਂਝਾ ਤੇ....

ਡੋਲੀ: ਫਿਰ ਤਾਂ ਕੈਦੋ ਵੀ ਜ਼ਰੂਰ ਆਵੇਗਾ।

ਬਖਸ਼ੀ: ਰੱਬ ਕਰੇ ਦੁਨੀਆਂ ਇਥੇ ਖਲੋ ਜਾਵੇ। ਫਿਰ ਤੂੰ ਤੇ ਮੈਂ ਸਦਾ ਸਦਾ ਲਈ ਇੱਕ ਦੂਜੇ ਦੇ...

ਡੋਲੀ: (ਭਾਵਨਾ ਵਿੱਚੋਂ ਬਾਹਰ ਆਉਂਦੀ ਹੋਈ) ਉਹੋ, ਸੂਰਜ ਕਿੱਥੇ ਦਾ ਕਿੱਥੇ ਆ ਗਿਐ। ਮੈਂ ਤਾਂ ਜਾ ਕੇ ਭੱਠੀ ਵੀ ਬਾਲਣੀ ਏ। ਸ਼ਾਮਾਂ ਪੈ ਗਈਆਂ ਨੇ।

ਬਖਸ਼ੀ: ਕਿਤੇ ਸਾਡੇ ਪਿਆਰ ਦੀ ਸ਼ਾਮ ਨਾ ਹੋ ਜਾਵੇ।

ਡੋਲੀ: ਇਵੇਂ ਨਹੀਂ ਬੋਲਣਾ। ਮੈਂ ਚੱਲੀ ਆਂ, ਫਿਰ ਸਹੀ। ਕੱਲ੍ਹ ਫਿਰ ਆਵਾਂਗੀ ਕੱਖ, ਬਾਲਣ ਚੁਗਣ।

ਬਖਸ਼ੀ: ਭੱਠੀ ਤੇ ਰੌਣਕ ਬੜੀ ਵੱਧ ਗਈ ਏ ਜਿਸ ਦਿਨ ਦੀ ਤੂੰ ਭੱਠੀ ਸੰਭਾਲੀ ਏ, ਜਣਾ ਖਣਾ ਸਾਲਾ ਦਾਣੇ ਭੁਨਾ ਕੇ ਚੱਬੀ ਜਾਂਦੈ।

ਡੋਲੀ: ਤੈਨੂੰ ਚੰਗਾ ਨਹੀਂ ਲਗਦਾ ਇਹ?

ਬਖਸ਼ੀ: ਸਾਨੂੰ ਤਾਂ ਆਪਨੀ ਡੋਲੀ ਹੀ ਚੰਗੀ ਲੱਗਦੀ ਏ। ਪਰ ਕੱਲ੍ਹ ਉਹ ਸਾਲਾ ਝੰਡੂ ਕਾਣਾ ਤੇਰੇ ਵੱਲ ਬੜਾ ਝਾਕਦਾ ਪਿਆ ਸੀ। ਮੇਰਾ ਦਿਲ ਕੀਤਾ ਥੱਪੜ ਮਾਰ ਕੇ ਉਹਦਾ ਚਿੱਬ ਖੜਿੱਬਾ ਮੂੰਹ ਪੱਧਰਾ ਕਰ ਦਿਆਂ। ਹੁਣ ਵੇਖੇ ਖਾਂ।

ਡੋਲੀ: (ਜਾਂਦੀ ਹੋਈ) ਚੰਗਾ ਚੰਗਾ, ਜੋ ਮਰਜੀ ਕਰ ਲਈਂ ਉਹਨੂੰ।

ਬਖਸ਼ੀ: (ਆਪਣੇ ਆਪ ਨਾਲ) ਮਨ ਨੂੰ ਕੀ ਹੋ ਗਿਐ? ਮੈਂ ਪਾਗਲ ਤਾਂ ਨਹੀਂ ਹੋ ਗਿਆ?
(ਬਖਸ਼ੀ ਸੋਚਾਂ ਵਿੱਚ ਗੁਆਚ ਜਾਂਦਾ ਹੈ)

ਡੋਲੀ ਦੀ ਅਵਾਜ਼: ਤੇਰਾ ਧਰਮ, ਮੇਰਾ ਧਰਮ...ਉਹੂੰ ਬਾਪੂ ਦੀ ਨੱਕ ਕੱਟੀ ਜਾਵੇਗੀ। ਜਦ ਵਿਆਹੀ ਗਈ, ਫਿਰ ਵੀ ਤੈਨੂੰ ਮਿਲਿਆ ਕਰਾਂਗੀ।
(ਬਖਸ਼ੀ ਬਹੁਤ ਉਦਾਸ ਹੋ ਜਾਂਦਾ ਹੈ)

ਬਖਸ਼ੀ: ਰੱਬਾ! ਮੇਰੀ ਮਦਦ ਕਰ।
(ਦੀਨਾ ਨਾਥ ਆਉਂਦਾ ਹੈ, ਉਸ ਨੇ ਹੱਥ ਵਿੱਚ ਹੁੱਕਾ ਫੜਿਆ ਹੋਇਆ ਹੈ)

ਦੀਨਾ ਨਾਥ: ਬਖਸ਼ੀ, ਤੈਨੂੰ ਰੱਬ ਬਖਸ਼ੇ। ਕਿਹੜੀਆਂ ਸੋਚਾਂ ਵਿੱਚ ਗੁੰਮ ਹੋ

ਗਿਐਂ?

ਬਖਸ਼ੀ: ਨਹੀਂ, ਕੋਈਂ ਸੋਚ ਨਹੀਂ।

ਦੀਨਾ ਨਾਥ: ਕੋਈ ਖ਼ਬਰ ਸੁਣੀ ਏ?

ਬਖਸ਼ੀ: ਕਿਹੜੀ ਖ਼ਬਰ?

ਦੀਨਾ ਨਾਥ: ਕਹਿੰਦੇ ਨੇ ਮੁਲਕ ਜਾਦ ਹੋ ਰਿਹੈ।

ਬਖਸ਼ੀ: ਸੁਣੀ ਤਾਂ ਮੈਂ ਵੀ ਏ, ਪਰ ਕੀ ਹੋਵੇਗਾ?

ਦੀਨਾ ਨਾਥ: ਆਪਾਂ ਨੂੰ ਕੀ ਫਰਕ ਪੈਣੈਂ, ਆਪਾਂ ਤਾਂ ਪਹਿਲਾਂ ਈ ਜਾਦ ਆਂ। ਜਿਥੇ ਦਿਲ ਕੀਤਾ ਹੁੱਕਾ ਮੂੰਹ ਨੂੰ ਲਾ ਕੇ ਗੁੜ ਗੁੜ ਕਰ ਲਿਐ। ਲੋਕ ਬੜੇ ਡਰੇ ਡਰੇ ਗੱਲਾਂ ਕਰਦੇ ਸੀ।

ਬਖਸ਼ੀ: ਲੋਕ ਇਹੋ ਗੱਲਾਂ ਕਰਦੇ ਹੋਣਗੇ ਕਿ ਗੋਰਿਆਂ ਦੇ ਫੱਟੇ ਚੁੱਕੇ ਜਾਣਗੇ।

ਦੀਨਾ ਨਾਥ: ਨਾਲ ਸਾਡੇ ਵੀ ਫੱਟੇ ਚੁੱਕੇ ਜਾਣਗੇ।

ਬਖਸ਼ੀ: (ਹੈਰਾਨੀ ਵਿੱਚ) ਹੈਂ?

ਦੀਨਾ ਨਾਥ: ਸੁਣਿਆ ਏ ਦੋ ਮੁਲਕ ਹੋ ਜਾਣਗੇ ਹਿੰਦੁਸਤਾਨ ਦੇ। ਇੱਕ ਸਾਡੇ ਲਈ ਤੇ ਇੱਕ ਤੁਹਾਡੇ ਲਈ।

ਬਖਸ਼ੀ: (ਫਿਕਰ ਨਾਲ) ਉਹ ਕਿਉਂ?

ਦੀਨਾ ਨਾਥ: ਅਗਲਿਆਂ ਧਰਮ ਦਾ ਰੋੜਕਾ ਖੜ੍ਹਾ ਕਰ ਦਿੱਤੈ। ਕਹਿੰਦੇ ਨੇ ਹਿੰਦੂ ਸਿੱਖ ਜਾਣਗੇ ਅੰਬਰਸਰ ਵੱਲ ਤੇ ਮੁਸਲਮਾਨ ਰਹਿਣਗੇ ਇਥੇ।

ਬਖਸ਼ੀ: (ਚੀਖਦਾ ਹੋਇਆ) ਇਹ ਨਹੀਂ ਹੋ ਸਕਦਾ?

ਦੀਨਾ ਨਾਥ: ਜਦੋਂ ਮੁਲਕ ਵੰਡਣ ਵਾਸਤੇ ਅਗਲਿਆਂ ਫੀਤਾ ਫੜ੍ਹਿਆ ਉਹਨਾਂ ਕਿਹੜਾ ਤੈਨੂੰ ਜਾਂ ਮੈਨੂੰ ਪੁੱਛਣੈਂ। ਸਾਨੂੰ ਤਾਂ ਉਹਨਾਂ ਸਮਝ ਕੇ ਭੇਡਾਂ ਬਕਰੀਆਂ ਤੋਰ ਦੇਣੈਂ ਇੱਥੋਂ।

ਬਖਸ਼ੀ: ਸਾਡੇ ਪਿੰਡ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿੱਚ ਕਿੰਨਾ ਪਿਆਰ ਏ! ਕਿੰਨੀ ਸਾਂਝ ਏ!

ਦੀਨਾ ਨਾਥ: ਪਰ ਸਹੁਰੀ ਦੇ ਉਪਰਲਿਆਂ ਨੂੰ ਸਾਡੀ ਸਾਂਝ ਨਹੀਂ ਨਾ ਪੱਚਦੀ। ਜੇ ਸਾਡੀ ਸਾਂਝ ਚੱਲੇਗੀ ਤਾਂ ਉਪਰਲਿਆਂ ਦੇ ਫੱਟੇ ਚੁੱਕੇ ਜਾਣਗੇ।

ਬਖਸ਼ੀ: ਉਪਰਲਿਆਂ ਕਿਹਨਾਂ ਦੇ?

ਦੀਨਾ ਨਾਥ: ਤੂੰ ਬੜਾ ਭੋਲਾ ਕਬੂਤਰ ਏਂ। ਉਪਰ ਰਾਜ ਕਰਨ ਵਾਲੇ ਚੌਧਰੀ ਅਪਣੀ ਚੌਧਰ ਪਿੱਛੇ ਇਸ ਮੁਲਕ ਦੇ ਦੋ ਟੋਟੇ ਲੱਗੇ ਨੇ ਕਰਨ।

ਬਖਸ਼ੀ: ਸਾਡੇ ਕੋਲੋਂ ਤਾਂ ਪੁਛਣਗੇ ਅਸੀਂ ਕਿਹੜੇ ਮੁਲਕ ਵਿੱਚ ਰਹਿਣਾ ਚਾਹੁੰਦੇ ਹਾਂ?

ਦੀਨਾ ਨਾਥ: ਸਾਨੂੰ ਗਾਜਰਾਂ, ਮੂਲੀਆਂ ਨੂੰ ਕਿਹਨੇ ਪੁੱਛਣੈ? ਜਦ ਲਕੀਰ ਖਿੱਚੀ ਗਈ ਮੈਂ ਕਿਸੇ ਪਾਸੇ, ਤੂੰ ਕਿਸੇ ਪਾਸੇ।

ਬਖਸ਼ੀ: ਤਾਂ ਤੇ ਬਹੁਤ ਭਾਰੀ ਆਫਤ ਔਣ ਵਾਲੀ ਏ।



ਦੀਨਾ ਨਾਥ: ਮੈਂ ਕਿਹੈ ਲਾਲ ਹਨੇਰੀ ਔਣ ਵਾਲੀ ਏ। ਲੋਕਾਂ ਦੇ ਮੂੰਹ ਤੇ ਤਾਂ ਹਵਾਈਆ ਉੱਡ ਰਹੀਆਂ ਨੇ।

(ਬਖਸ਼ੀ ਸੋਚਾਂ ਵਿੱਚ ਹੈ ਉਸ ਨੂੰ ਇੱਕ ਅਵਾਜ਼ ਸੁਣ ਰਹੀ ਪ੍ਰਤੀਤ ਹੁੰਦੀ ਹੈ)

ਐਲਾਨ ਹੋਏਗਾ, ਲਕੀਰ ਲੱਗੇਗੀ।

ਮੈਂ ਕਿਥੇ ਹੋਵਾਂਗਾ, ਡੋਲੀ ਕਿਥੇ ਨੱਚੇਗੀ।

ਦੀਨਾ ਨਾਥ: (ਬਖਸ਼ੀ ਨੂੰ ਝੰਜੋੜਦਾ ਹੋਇਆ) ਗੁਆਚ ਗਿਐਂ ਮੇਲੇ ਵਿੱਚ?

ਬਖਸ਼ੀ: ਹੂੰ, ਮਨ ਕੁੱਝ ਖਰਾਬ ਜਿਹਾ ਹੋ ਗਿਐ। ਚਾਚਾ ਦੀਨਿਆ, ਇੱਕ ਗੱਲ ਮੰਨੇਗਾ।

ਦੀਨਾ ਨਾਥ: ਨਾ ਕਿਹੜੀ ਗੱਲ?

ਬਖਸ਼ੀ: ਜੇ ਡੋਲੀ ਹੋਰੀਂ ਇਥੋਂ ਚਲੇ ਗਏ.....ਤੂੰ ਵੀ ਚਲਾ ਗਿਆ ਤਾਂ ਮੈਨੂੰ ਆਪਣੇ ਨਾਲ ਲੈ ਜਾਵੇਂਗਾ ਆਪਣਾ ਪੁੱਤਰ ਬਣਾ ਕੇ।

ਦੀਨਾ ਨਾਥ: ਅਸ਼ਕੇ ਮੇਰੇ ਪੁੱਤਰ ਦੇ। ਪਰ ਤੇਰੇ ਘਰ ਦਿਆਂ ਤੈਨੂੰ ਨਹੀਂ ਜਾਣ ਦੇਣਾਂ। ਨਾ ਤੂੰ ਕੋਈ ਵਾਧੂ ਏਂ?

ਬਖਸ਼ੀ: ਚਾਚਾ, ਮੈਂ ਘਰੋਂ ਚੋਰੀ ਨਿਕਲ ਜਾਵਾਂਗਾ ਤੇ ਤੇਰੇ ਨਾਲ ਮਿਲ ਕੇ ਪਹੁੰਚ ਜਾਵਾਂਗਾ.....

ਦੀਨਾ ਨਾਥ: ਡੋਲੀ ਦੇ ਮੁਲਕ! (ਪਿੰਡ ਵੱਲੋਂ ਸ਼ੋਰ ਸ਼ਰਾਬਾ ਸੁਣਾਈ ਦਿੰਦਾ ਹੈ) ਪੁੱਤਰਾ! ਪਿੰਡ ਵਿੱਚੋਂ ਰੌਲੇ ਗੌਲੇ ਦੀ ਵਾਜ ਪਈ ਔਂਦੀ ਏ।

ਬਖਸ਼ੀ: ਕੋਈ ਮਾੜੀ ਘਟਨਾ ਵਾਪਰੀ ਲੱਗਦੀ ਐ?

ਦੀਨਾ: ਦਿਲ ਤੱਕੜਾ ਰੱਖ। ਛੱਡ ਦੇ ਆਸ ਕਿ ਕੋਈ ਚੰਗੀ ਘਟਨਾ ਵਾਪਰੇਗੀ। ਤੂੰ ਜਾ ਸਿੱਧਾ ਤੇਜਾ ਸਿੰਘ ਵੱਡੇ ਘਰ ਵਾਲੇ ਦੇ ਘਰ। ਉਹਦੇ ਘਰੋਂ ਖਬਰਾਂ ਦਾ ਪਤਾ ਲਗਦੈ।

(ਹਨ੍ਹੇਰਾ ਹੋ ਜਾਂਦਾ ਹੈ)

**ਤੀਜਾ ਦ੍ਰਿਸ਼**

ਸਥਾਨ: ਤੇਜਾ ਸਿੰਘ ਦੇ ਘਰ ਦਾ ਵਿਹੜਾ। ਵਿਹੜੇ ਵਿੱਚ ਤਿੰਨ ਚਾਰ ਮੰਜੀਆਂ ਡਾਹੀਆਂ ਹੋਈਆ ਹਨ।. ਇੱਕ ਮੰਜੀ ਤੇ ਤੇਜਾ ਸਿੰਘ ਦੀ ਪਤਨੀ ਤਾਰੋ ਬੜੀ ਉਦਾਸ ਬੈਠੀ ਹੈ। ਇੱਕ ਹੋਰ ਮੰਜੀ ਤੇ ਬਖਸ਼ੀ ਵੀ ਬੈਠਾ ਹੈ।

ਬਖਸ਼ੀ: ਚਾਚੀ, ਕੀ ਗੱਲ ਬੜੀ ਚੁੱਪ ਚੁੱਪ ਏਂ?

ਤਾਰੋ: ਕੀ ਦੱਸਾਂ? ਕੁਛ ਚੰਗਾ ਚੰਗਾ ਨਹੀਂ ਲੱਗ ਰਿਹਾ।

ਬਖਸ਼ੀ: ਚਾਚੀ,ਕੀ ਸੱਚੀਂ ਮੁਲਕ ਦੇ ਦੋ ਟੋਟੇ ਹੋ ਜਾਣਗੇ?

ਤਾਰੋ: ਕੀ ਪਤੈ? ਬਲਕਾਰ ਨੂੰ ਸਕੂਲੋਂ ਛੁੱਟੀਆਂ ਹੋ ਗਈਆਂ ਨੇ। ਉਹਦਾ ਮੁਨਸ਼ੀ ਗੱਲਾਂ ਕਰਦਾ ਸੀ ਹਿੰਦੁਸਤਾਨ ਤੇ ਪਾਕਿਸਤਾਨ ਦੋ ਮੁਲਕ ਬਣ ਜਾਣਗੇ।

(ਤੇਜਾ ਸਿੰਘ ਆਉਂਦਾ ਹੈ)

ਕੀ ਗੱਲ ਬੜੇ ਪਸੀਨੋ ਪਸੀਨੀ ਹੋਏ ਪਏ ਹੋ? ਲੱਸੀ ਦਾ ਛੰਨਾ ਲਿਆਵਾਂ?

ਤੇਜਾ ਸਿੰਘ: (ਡੂੰਘੀ ਉਦਾਸੀ ਵਿੱਚ) ਰਹਿਣ ਦੇ।

ਤਾਰੋ: ਕੋਈ ਗੱਲ ਹੋਈ ਏ?

ਤੇਜਾ ਸਿੰਘ: ਕੀ ਨਹੀਂ ਹੋਇਆ...(ਰੋਣ ਲੱਗ ਪੈਂਦਾ ਹੈ)

ਤਾਰੋ: (ਫਿਕਰ ਵਿੱਚ) ਕੁੱਝ ਦੱਸੋ ਵੀ।

ਤੇਜਾ ਸਿੰਘ: ਕੀ ਦੱਸੀਏ? ਹਨ੍ਹੇਰਾ ਈ ਹਨ੍ਹੇਰਾ ਦਿਸ ਰਿਹੈ....

ਤਾਰੋ: ਕੁੱਝ ਮੇਰੇ ਵੀ ਪੱਲੇ ਪਾ।

ਤੇਜਾ ਸਿੰਘ: ਰਹਿਣ ਦੇ ਮੇਰੇ ਈ ਪੱਲੇ। ਤੂੰ ਸੁਣ ਕੇ ਕੀ ਕਰੇਂਗੀ।

ਤਾਰੋ: ਉਹੋ ਗੱਲ ਸੱਚ ਤਾਂ ਨਹੀਂ ਨਿਕਲੀ?

ਤੇਜਾ ਸਿੰਘ: ਕਿਹੜੀ ਗੱਲ?

ਤਾਰੋ: ਪਾਕਸਤਾਨ ਵਾਲੀ।

ਤੇਜਾ ਸਿੰਘ: ਆਹੋ, ਸੱਚ ਏ...ਹੁਣ ਤਾਂ ਆਪਣਾ ਘਰ ਵੀ ਬਗਾਨਾ ਲਗਦਾ ਏ।

ਬਖਸ਼ੀ: ਚਾਚਾ, ਦਿਲ ਕਿਉਂ ਛੱਡਦਾ ਏ। ਇਹ ਪਿੰਡ ਇਹ ਘਰ ਤੇ ਅਸੀਂ ਸਭ ਤੁਹਾਡੇ ਆਪਣੇ ਆਂ।

ਤੇਜਾ ਸਿੰਘ: ਪੁੱਤਰ ਗੋਲਾ ਬਣ ਗਿਐ।

ਬਖਸ਼ੀ: ਗੋਲਾ?

ਤੇਜਾ ਸਿੰਘ: ਗੋਲਾ ਫਟੇਗਾ, ਵਿੱਚੋਂ ਲਾਟਾਂ ਨਿਕਲਣਗੀਆਂ। ਅੱਧੇ ਲੋਕ ਇੱਕ ਪਾਸੇ ਰਹਿ ਜਾਣਗੇ ਤੇ ਅੱਧੇ ਦੂਜੇ ਪਾਸੇ।

ਤਾਰੋ: ਜਿਹੜਾ ਡਰ ਵੱਢ ਵੱਢ ਖਾਈ ਜਾਂਦਾ ਸੀ ਜਾਨ ਨੂੰ, ਉਹੋ ਡਰ ਸੱਚ ਈ ਨਿਕਲਿਆ।

ਤੇਜਾ ਸਿੰਘ: ਕਿੰਨੀਆਂ ਸਧਰਾਂ ਸੀ ਮਨ ਵਿੱਚ। ਸਭ ਮਨ ਦੀਆਂ ਮਨ ਵਿੱਚ ਦਫਨ ਹੋ ਜਾਣਗੀਆਂ।

ਤਾਰੋ: ਸਾਡੇ ਘਰ ਦਾ ਕੰਮ ਵੀ ਹੁਣ ਈ ਤਾਂ ਰੁਕ ਹੋਇਆ ਸੀ। ਹਣ ਵਕਤ ਆਇਆ ਸੀ ਵੇਖਣ ਦਾ ਤੇ ਉਤੋਂ ਇਹ ਭਾਣਾ ਵਰਤ ਗਿਐ।

ਤੇਜਾ ਸਿੰਘ: ਦਿਨ ਰਾਤ ਇੱਕ ਕਰਕੇ ਇਹ ਹਵੇਲੀ ਬਣਾਈ। ਆਪਣੇ ਹੱਥੀਂ ਇਹਦੀ ਇੱਕ ਇੱਕ ਇੱਟ ਲਵਾਈ। ਦੂਰੋਂ ਦੂਰੋਂ ਲੋਕ ਇਹ ਹਵੇਲੀ ਨੂੰ ਵੇਖਣ ਔਂਦੇ ਰਹੇ ਤੇ....ਸਿਫਤਾਂ ਕਰਦੇ ਥੱਕਦੇ ਨਹੀਂ ਸੀ।

ਤਾਰੋ: ਹੁਣ ਸਾਨੂੰ ਆਪਣੇ ਹੱਥੀਂ ਬਣਾਈ ਹਵੇਲੀ ਛੱਡਣੀ ਪਵੇਗੀ ਤੇ...ਇੱਥੇ ਕੋਈ ਹੋਰ ਆ ਕੇ ਕਬਜ਼ਾ ਕਰ ਲਵੇਗਾ।

ਤੇਜਾ ਸਿੰਘ: ਇਹ ਹਵੇਲੀ ਜਿਹਦੀ ਨੀਂਹ ਸਾਡੇ ਸੁਰਗਵਾਸੀ ਬਾਪੂ ਨੇ ਰੱਖੀ ਸੀ....ਕੀ ਮੈਂ ਕਦੇ ਭੁੱਲ ਸਕਾਂਗਾ ਆਪਣੀ ਹਵੇਲੀ ਨੂੰ....ਕਦੇ



ਨਹੀਂ।

ਤਾਰੋ: ਤੇ ਸਾਡੀ ਫਸਲਾਂ....(ਰੋਣ ਲੱਗ ਪੈਂਦੀ ਹੈ)

ਤੇਜਾ ਸਿੰਘ: ਹਵਾ ਵਿੱਚ ਨੱਚਦੀਆਂ ਫਸਲਾਂ ਵੇਖ ਵੇਖ ਮਨ ਕਿੰਨਾ ਖਿੜਦਾ ਸੀ, ਉਹ ਵੀ ਛੱਡੀਆਂ ਪੈਣਗੀਆਂ। ਫਸਲ ਤੇ ਕਿੰਨੀਆਂ ਆਸਾਂ ਸੀ। ਮੈਂ ਬਾਹਰ ਖੂਹ ਭੌਂ ਹੋ ਆਵਾਂ?

ਤਾਰੋ: ਕਾਹਦੇ ਲਈ?

ਤੇਜਾ ਸਿੰਘ: ਪਤਾ ਨਹੀਂ ਕਿਹੜੇ ਵੇਲੇ ਘਰ ਛੱਡਣਾ ਪੈ ਸਕਦੈ। ਇੱਕ ਵਾਰ ਮੈਂ ਉਨ੍ਹਾਂ ਪੈਲੀਆਂ ਦੀ ਸੈਰ ਕਰ ਆਵਾਂ, ਜਿੱਥੇ ਮੈਂ ਖੁੱਲੀ ਹਵਾ ਵਿੱਚ ਸਾਹ ਲੈਂਦਾ ਰਿਹਾਂ, ਟਾਹਲੀਆਂ ਦੀ ਛਾਂ ਮਾਣਦਾ ਰਿਹਾਂ। ਮੁੜਕੇ ਪਤਾ ਨਹੀਂ ਜ਼ਿੰਦਗੀ ਵਿੱਚ ਆਪਣੀ ਜ਼ਮੀਨ ਵੇਖਣ ਦਾ ਮੌਕਾ ਮਿਲੇ ਜਾਂ ਨਾ।

(ਬਲਕਾਰ ਆਉਂਦਾ ਹੈ)

ਤੂੰ ਕਿਥੋਂ ਆਇਐਂ?

ਬਲਕਾਰ: ਖੂਹ ਤੋਂ। ਪੱਠੇ ਵੱਢ ਕੇ ਲੈ ਆਇਆਂ। ਬਾਪੂ! ਬੜਾ ਰੌਲਾ ਜਿਹਾ ਪਿਐ ਕਿ ਸਾਨੂੰ ਇਹ ਘਰ ਬਾਹਰ ਛੱਡਣਾ ਪਵੇਗਾ।

ਤੇਜਾ ਸਿੰਘ: ਆਹੋ ਪੁੱਤਰ, ਮਾੜੇ ਦਿਨਾਂ ਦੀ ਗੱਲ ਏ। ਇੱਥੇ ਨਾ ਕੋਈ ਫਿਕਰ ਸੀ ਨਾ ਫਾਕਾ ਤੇ ਅਚਾਨਕ....ਹੱਸਦੇ ਵੱਸਦੇ ਲੋਕਾਂ ਉੱਪਰ ਬਿਜਲੀ ਡਿਗ ਪਈ।

ਬਖਸ਼ੀ: ਚਾਚਾ ਹੌਸਲਾ ਨਾ ਛੱਡ। ਆਹ ਜਿਹੜਾ ਰੌਲਾ ਪਿਐ ਇਹ ਝੂਠ ਵੀ ਹੋ ਸਕਦੈ। ਕਈ ਲੋਕਾਂ ਦਾ ਕੰਮ ਐਂਵੇ ਸ਼ੁਰਲੀਆਂ ਛੱਡਣਾ ਈ ਹੁੰਦੈ।

ਤੇਜਾ ਸਿੰਘ: ਪੁੱਤਰਾ, ਇਹ ਕੌੜਾ ਸੱਚ ਏ। ਹੋਣੀ ਸਿਰ ਤੇ ਕੂਕਣ ਲੱਗੀ ਏ, ਇਹਨੂੰ ਕੋਈ ਨਹੀਂ ਰੋਕ ਸਕਦਾ। ਅਫਸੋਸ ਤਾਂ ਇਸ ਗੱਲ ਦਾ ਏ ਕਿ ਜਿਸ ਮਿੱਟੀ ਵਿੱਚ ਸਾਡੇ ਪਿਉ, ਦਾਦੇ ਰਹੇ, ਜਿਸ ਮਿੱਟੀ ਵਿੱਚ ਮੈਂ ਪਲਿਆ....ਇਸੇ ਮਿੱਟੀ ਵਿੱਚ ਅਸੀਂ ਵਿਸਾਖੀ ਤੇ ਭੰਗੜੇ ਪਾਂਦੇ ਰਹੇ ਤੇ ਹੁਣ....ਇਹੋ ਮਿੱਟੀ ਸਾਨੂੰ ਛੱਡਣ ਲਈ ਕਿਹਾ ਗਿਐ। ਆਪਣੀ ਮਿੱਟੀ ਦਾ ਮੋਹ...

ਬਲਕਾਰ: ਬਾਪੂ, ਮੈਂ ਤਾਂ ਬਾਹਰ ਅੰਬਾਂ ਤੇ ਅਮਰੂਦਾਂ ਦੇ ਰੁੱਖ ਲਾਏ ਸੀ। ਹੁਣ ਵੱਡੇ ਹੋ ਗਏ ਨੇ। ਮੈਂ ਉਨ੍ਹਾਂ ਨੂੰ ਰੋਜ ਵੇਖਦਾਂ ਰਿਹਾਂ, ਪਾਣੀ ਦਿੰਦਾ ਰਿਹਾਂ। ਹੁਣ ਕੌਣ ਦੇਵੇਗਾ ਮੇਰੇ ਰੁੱਖਾਂ ਨੂੰ ਪਾਣੀ? (ਰੋ ਪੈਂਦਾ ਹੈ)

ਬਖਸ਼ੀ: ਨਾ ਰੋ ਮੇਰੇ ਯਾਰ! ਅੱਲਾ ਰਹਿਮਤਾਂ ਕਰੇਗਾ।

(ਦੀਨਾ ਆਉਂਦਾ ਹੈ)

ਦੀਨਾ ਨਾਥ: ਮੈਂ ਤਾਂ ਸਾਰੇ ਪਿੰਡ ਦਾ ਗੇੜਾ ਲਾ ਆਇਆਂ। ਲੋਕ ਤਾਂ ਗੱਡਿਆਂ ਤੇ ਸਮਾਨ ਬੰਨ੍ਹਦੇ ਪਏ ਨੇ। ਮੈਨੂੰ ਕਹਿੰਦੇ ਤੂੰ ਵੀ ਬੰਨ੍ਹ ਲੈ ਸਮਾਨ।

ਮੈਂ ਕਿਹੈ ਆਹ ਹੁੱਕੇ ਤੋਂ ਬਿਨਾਂ ਮੇਰੇ ਕੋਲ ਹੈ ਕੀ? ਹਿੰਦੂ, ਸਿੱਖ ਕਹਿੰਦੇ ਨੇ ਜਿੰਨੀ ਜਲਦੀ ਹੋ ਸਕੇ ਨਿਕਲ ਜਾਓ।

ਤੇਜਾ ਸਿੰਘ: ਕਿਧਰ ਨਿਕਲ ਜਾਓ?

ਦੀਨਾ ਨਾਥ: ਢੱਠੇ ਖੂਹ ਵਿੱਚ। ਜਿਧਰ ਬਾਕੀ ਜਾਣਗੇ, ਆਪਾਂ ਵੀ ਫੜ੍ਹਕੇ ਹੁੱਕਾ ਤੁਰ ਪਵਾਂਗੇ।

ਤੇਜਾ ਸਿੰਘ: ਜੇ ਆਪਾਂ ਕੁੱਝ ਚਿਰ ਰੁੱਕ ਜਾਈਏ?

ਦੀਨਾ ਨਾਥ: ਝੁੱਗਾ ਚੌੜ ਹੋ ਜਾਏਗਾ। ਮੈਂ ਤਾਂ ਸੁਣਿਐ ਫਿਰਕੂ ਫਸਾਦ ਵੀ ਹੋਏ ਨੇ। ਇੱਥੇ ਰੁਕੇ ਨਹੀਂ ਤਾਂ ਅਗਲਿਆਂ ਆ ਕੇ ਫੱਟੇ ਚੱਕੇ ਨਹੀਂ।

ਤੇਜਾ ਸਿੰਘ: ਸਾਡਾ ਅਪਣੇ ਮੁਸਲਮਾਨ ਵੀਰਾਂ ਨਾਲ ਭਰਾਵਾਂ ਤੋਂ ਵੱਧ ਪਿਆਰ ਏ।

ਦੀਨਾ ਨਾਥ: ਲੋਕ ਛੱਡਦੇ ਪਏ ਨੇ ਸ਼ੁਰਲੀਆਂ। ਫਲਾਣੀ ਥਾਂ ਤੇ ਮੁਸਲਮਾਨ ਗੱਡੀ ਚਾੜ੍ਹ ਦਿੱਤੇ। ਫਿਰ ਪਿੰਡ ਵਿੱਚ ਸਾਰੇ ਭਲੇ ਲੋਕ ਤਾਂ ਨਹੀਂ ਹੁੰਦੇ। ਆਪਣੇ ਪਿੰਡ ਦੇ ਬਸ਼ੀਰ ਦੀ ਵਿਹਲੜ ਢਾਣੀ ਬਾਰੇ ਤਾਂ ਪਤਾ ਈ ਏ। ਉਹ ਤਾਂ ਵੇਖਦੇ ਪਏ ਨੇ ਕਿਹੜੀ ਘੜੀ ਲੋਕ ਘਰ ਛੱਡ ਕੇ ਜਾਣ, ਉਨ੍ਹਾਂ ਬਣ ਜਾਣੈਂ ਧਾੜਵੀ।

ਬਖਸ਼ੀ: ਮੈਂ ਉਹਦੀ ਵਿਹਲੜ ਢਾਣੀ ਦਾ ਫਾਹ ਵੱਢ ਦਿਆਂਗਾ ਜੇ ਉਨ੍ਹਾਂ ਕਿਸੇ ਨੂੰ ਅਲਫੋਂ ਬੇ ਵੀ ਆਖਿਆ।

ਦੀਨਾ ਨਾਥ: ਕਿਹਨੂੰ ਕਿਹਨੂੰ ਰੋਕੇਂਗਾ? ਜਦੋਂ ਬੰਦਾ ਮੱਛਰ ਪਵੇ ਫਿਰ ਨਹੀਂ ਔਂਦਾ ਵਲ ਵਿੱਚ।

ਤੇਜਾ ਸਿੰਘ: ਦੀਨਿਆਂ ਤੇਰੀ ਗੱਲ ਦਰੁੱਸਤ ਏ। ਜੋ ਰੱਬ ਨੂੰ ਮੰਨਜ਼ੂਰ ਏ, ਉਹ ਹੋ ਕੇ ਰਹਿਣੈਂ। ਬਲਕਾਰ, ਬਿਸਤਰੇ ਬੰਨ ਕੇ ਗੱਡੇ ਤੇ ਰੱਖ ਲੈ। ਬਲਦਾਂ ਨੂੰ ਜੋਅ ਦੇ ਤੇ ਮੱਝ ਗੱਡੇ ਨਾਲ ਬੰਨ ਲੈ। ਅਸੀਂ ਵੀ ਕਾਫਲੇ ਨਾਲਹੋ ਜਾਈਏ। ਥੋੜ੍ਹਾ ਦਾਣਾ ਫੱਕਾ ਵੀ ਰੱਖ ਲੈ।

ਦੀਨਾ ਨਾਥ: (ਬਖਸ਼ੀ ਨੂੰ ਇਸ਼ਾਰਾ ਕਰਕੇ) ਤੂੰ ਅਪਣੀ ਡੋਲੀ ਦਾ ਪਤਾ ਥਹੁ ਕਰ ਲੈ। ਕਿਤੇ ਉੱਡ ਈ ਨਾ ਜਾਏ ਪਰੀ ਹਿੰਦੁਸਤਾਨ। ਫਿਰ ਐਵੇਂ ਮਜਨੂੰ ਵਾਂਗ ਚੀਕਾਂ ਮਾਰਦਾ ਫਿਰੇਂਗਾ-ਡੋਲੀ, ਡੋਲੀ।

ਬਖਸ਼ੀ: (ਘਬਰਾਹਟ ਵਿੱਚ) ਠੀਕ ਏ ਚਾਚਾ, ਡੋਲੀ ਵਾਲਾ ਦੇਸ਼, ਮੇਰਾ ਦੇਸ਼। ਮੈਨੂੰ ਭਾਵੇਂ ਧਰਮ ਨਾ ਬਦਲੀ ਕਰਨਾ ਪਵੇ। ਮੈਂ ਉਹਦੇ ਤੋਂ ਬਗੈਰ ਨਹੀਂ ਰਹਿ ਸਕਦਾ। ਮੈਂ ਪਤਾ ਕਰਨਾ ਡੋਲੀ ਦਾ। (ਜਾਣ ਲੱਗਦਾ ਹੈ ਪਰ ਕੁੱਝ ਸ਼ੋਰ ਸ਼ਰਾਬੇ ਨੂੰ ਸੁਣ ਕੇ ਰੁੱਕ ਜਾਂਦਾ ਹੈ, ਤਾਰੋ ਅਤੇ ਬਲਕਾਰ ਅੰਦਰ ਚਲੇ ਜਾਂਦੇ ਹਨ)

ਆਵਾਜ਼ਾਂ: ਅੱਲਾ ਹੂ ਅਕਬਰ, ਐਲੀ ਐਲੀ।

(ਸੰਤੋਖ ਸਿੰਘ ਦੌੜਿਆ ਹੋਇਆ ਆਉਂਦਾ ਹੈ, ਉਹ ਪੂਰੀ ਤਰ੍ਹਾਂ



ਸਾਹੋ ਸਾਹੀ ਹੋਇਆ ਹੈ)

ਤੇਜਾ ਸਿੰਘ: ਸੰਤੋਖ ਸਿੰਹਾਂ, ਸੁੱਖ ਤਾਂ ਹੈ?

ਸੰਤੋਖ ਸਿੰਘ: ਸੁੱਖ ਕਿੱਥੇ? ਮੁਸਲਮਾਨਾਂ ਦਾ ਬੜਾ ਵੱਡਾ ਟੋਲਾ ਅਪਣੇ ਪਿੰਡ ਨੂੰ ਪੈ ਗਿਐ। ਉਨ੍ਹਾਂ ਹਰਨਾਮ ਸਿੰਘ ਦੇ ਦੋ ਮੁੰਡੇ ਵੱਢ ਦਿੱਤੇ ਤੇ ਹਰਨਾਮ ਸਿੰਘ ਨੇ ਪਤਾ ਕੀ ਕੀਤਾ।

ਤੇਜਾ ਸਿੰਘ: (ਘਬਰਾਹਟ ਵਿੱਚ) ਕੀ ਕੀਤਾ?

ਸੰਤੋਖ ਸਿੰਘ: ਹਰਨਾਮ ਸਿੰਘ ਨੇ ਆਪਣੀ ਨਵੀਆਂ ਵਿਆਹੀਆਂ ਦੋਵੇਂ ਨੂੰਹਾਂ ਕ੍ਰਿਪਾਨ ਨਾਲ ਮਾਰ ਦਿੱਤੀਆਂ।

ਤੇਜਾ ਸਿੰਘ: ਪਰ ਕਿਉਂ?

ਸੰਤੋਖ ਸਿੰਘ: ਮੇਰੇ ਸਾਬ੍ਹ ਨਾਲ ਉਹਨੇ ਠੀਕ ਕੀਤੈ। ਦੋਂਵੇ ਮੁਸਲਮਾਨਾਂ ਹੱਥ ਆ ਜਾਣੀਆਂ ਸੀ ਤੇ ਉਨ੍ਹਾਂ ਦੀ ਪੱਤ ਪਈ ਰੁਲਣੀ ਸੀ ਉਨ੍ਹਾਂ ਬੁਰਛਿਆਂ ਦੇ ਹੱਥ।

ਤੇਜਾ ਸਿੰਘ: ਤੇ ਆਪਣੇ ਬਾਕੀ ਹਿੰਦੂ ਸਿੱਖ.....

ਸੰਤੋਖ ਸਿੰਘ: ਬਹੁਤੇ ਹਿੰਦੂ ਸਿੱਖਾਂ ਤਾਂ ਪਹਿਲਾਂ ਈ ਚਲੇ ਗਏ ਨੇ ਕਾਫਲਾ ਬਣਾ ਕੇ। ਬੱਸ ਅਸੀਂ ਰਹਿ ਗਏ ਆਂ ਪੰਜ ਸੱਤ ਘਰ।

ਬਖਸ਼ੀ: ਤੁਸੀਂ ਘਬਰਾਓ ਨਾ, ਤੁਸੀਂ ਸਾਡੇ ਆਪਣੇ ਹੋ। ਮੈਂ ਤੁਹਾਡੇ ਨਾਲ ਆਂ।

ਸੰਤੋਖ ਸਿੰਘ: ਤੂੰ ਐਵੇਂ ਨਿਹੱਕਾ ਮਾਰਿਆ ਜਾਵੇਂਗਾ ਸਾਨੂੰ ਬਚੌਂਦਾ ਬਚੌਂਦਾ।

ਆਵਾਜ਼ਾਂ: ਅੱਲਾ ਹੂ ਅਕਬਰ, ਮਾਰ ਦਿਓ ਕਾਫਰਾਂ ਨੂੰ।

ਸੰਤੋਖ ਸਿੰਘ: ਤੇਜਾ ਸਿੰਹਾਂ, ਉਹ ਤੇਰੀ ਹਵੇਲੀ ਵੱਲ ਔਂਦੇ ਪਏ ਨੇ।

ਤੇਜਾ ਸਿੰਘ: ਹੇ ਵਾਹਿਗੁਰੂ, ਹੁਣ ਤਾਂ ਤੂੰ ਈ ਰਾਖਾ ਏਂ। (ਦੌੜ ਕੇ ਅੰਦਰ ਜਾਂਦਾ ਹੈ)

ਦੀਨਾ ਨਾਥ: ਬਖਸ਼ੀ, ਤੇਰੀ ਕੀ ਸਲਾਹ ਏ?

ਬਖਸ਼ੀ: ਮੇਰੇ ਹੁੰਦੇ ਇਸ ਘਰ ਦਾ ਕੋਈ ਵਾਲ ਵਿੰਗਾ ਨਹੀਂ ਹੋਵੇਗਾ।

ਦੀਨਾ ਨਾਥ: ਸੰਤੋਖ ਸਿੰਹਾਂ, ਕੋਈ ਬਚਾਅ ਨਹੀਂ ਹੋ ਸਕਦਾ?

ਸੰਤੋਖ ਸਿੰਘ: ਹੋ ਸਕਦੈ ਜੇ ਅਸੀਂ ਧਰਮ ਬਦਲ ਕੇ ਮੁਸਲਮਾਨ ਬਣ ਜਾਈਏ।

ਦੀਨਾ ਨਾਥ: ਕੀ ਰੱਖਿਐ ਧਰਮਾਂ ਵਿੱਚ? ਮੌਕਾ ਸਾਂਭ ਲਉ ਨਹੀਂ ਤਾਂ ਫੱਟੇ ਚੁੱਕੇ ਜਾਣਗੇ ਪੱਕੇ ਈ।

ਸੰਤੋਖ ਸਿੰਘ: ਨਹੀਂ ਨਹੀਂ, ਇਹ ਨਹੀਂ ਹੋ ਸਕਦਾ। (ਤੇਜਾ ਸਿੰਘ ਦੇ ਇੱਕ ਕਮਰੇ ਵਿੱਚੋਂ ਉਸ ਦੀ ਲੜਕੀ ਪ੍ਰੀਤੀ ਚੀਖਦੀਹੋਈ ਬਾਹਰ ਆਉਂਦੀ ਹੈ)

ਪ੍ਰੀਤੀ: (ਰੋਂਦੀ ਹੋਈ) ਬਾਪੂ ਨੇ ਕ੍ਰਿਪਾਨ ਨਾਲ ਬੇਬੇ ਮਾਰ ਦਿੱਤੀ ਤੇ ਮੈਨੂੰ ਵੀ ਮਾਰਨ ਲੱਗੇ, ਮੈਨੂੰ ਬਚਾਓ।

ਬਖਸ਼ੀ: ਤੈਨੂੰ ਕੋਈ ਨਹੀ ਮਾਰ ਸਕਦਾ, ਤੈਨੂੰ ਮੈਂ ਬਚਾਵਾਂਗਾ ਮੇਰੀ ਭੈਣ।

ਪ੍ਰੀਤੀ: ਮੈਂ ਜੀਣਾ ਚਾਹੁੰਦੀ ਆਂ.....

(ਪਿੱਛੇ ਪਿੱਛੇ ਕ੍ਰਿਪਾਨ ਫੜੀ ਤੇਜਾ ਸਿੰਘ ਆਉਂਦਾ ਹੈ)

ਤੇਜਾ ਸਿੰਘ: ਪ੍ਰੀਤੀਏ ਰੁੱਕ ਜਾ, ਇਹਦੇ ਵਿੱਚ ਈ ਸਾਡਾ ਭਲਾ ਏ।

ਪ੍ਰੀਤੀ: ਖਬਰਦਾਰ ਬਾਪੂ ਜੀ ਮੈਨੂੰ ਮਾਰਿਆ ਤਾਂ।

ਸੰਤੋਖ ਸਿੰਘ: ਤੂੰ ਕਮਲੀ ਹੋ ਗਈ ਏਂ? ਉਹ ਲੋਕ ਤੈਨੂੰ ਬੇਪੱਤ ਕਰਨਗੇ।

ਪ੍ਰੀਤੀ: ਮੈਂ ਉਨ੍ਹਾਂ ਨਾਲ ਲੜਾਂਗੀ, ਮੈਂ ਉਨ੍ਹਾਂ ਨੂੰ ਮਾਰਾਂਗੀ।

ਤੇਜਾ ਸਿੰਘ: ਠਹਿਰ ਜਾ।

(ਪ੍ਰੀਤੀ ਨੂੰ ਫੜ੍ਹਣ ਲੱਗਦਾ ਹੈ ਪਰ ਪ੍ਰੀਤੀ ਉਸ ਨੂੰ ਧੱਕਾ ਦੇ ਕੇ ਘਰ ਦੇ ਬੂਹੇ ਤੋਂ ਬਾਹਰ ਦੌੜ ਜਾਂਦੀ ਹੈ)

ਸੰਤੋਖ ਸਿੰਘ: ਮਾੜੀ ਕਿਸਮਤ ਏ ਕੁੜੀ ਦੀ। ਲਾਇਕ ਪਿਉ ਦੀ ਨਲੈਕ ਔਲਾਦ.....

ਬਖਸ਼ੀ: ਇਹ ਕੀ ਹੋ ਰਿਹੈ, ਮੈਂ ਇੱਥੇ ਪਾਗਲ ਹੋ ਜਾਵਾਂਗਾ। ਚੱਲ ਦੀਨਿਆ, ਚੱਲੀਏ ਕਿਤੇ ਮੇਰੀ ਡੋਲੀ...

(ਹਨ੍ਹੇਰਾ ਹੋ ਜਾਂਦਾ ਹੈ)

**ਚੌਥਾ ਦ੍ਰਿਸ਼**

ਸਥਾਨ: ਭਾਰਤ ਦੀ ਹੱਦ ਅੰਦਰ ਕੋਈ ਉਜਾੜ ਜਿਹੀ ਥਾਂ

(ਬਖਸ਼ੀ ਤੇ ਦੀਨਾ ਗੱਲਾਂ ਕਰ ਰਹੇ ਹਨ)

ਦੀਨਾ: ਓ ਬਖਸ਼ੀ ਪਿਆਰਿਆ, ਸਾਨੂੰ ਇਹ ਨਾ ਮੁੱਕਣ ਵਾਲੇ ਰਾਹ ਨੇ ਮਾਰਿਆ ਹੁਣ ਤਾਂ ਲੱਤਾਂ ਵਿੱਚ ਕੜਵੱਲ ਪੈ ਗਏ ਨੇ।

ਬਖਸ਼ੀ: (ਹੌਂਸਲਾ ਦਿੰਦਾ ਹੋਇਆ) ਕੋਈ ਨਹੀਂ ਚਾਚਾ, ਤੁਰਿਆ ਚੱਲ। ਤੈਨੂੰ ਚੰਗਾ ਭਲਾ ਪਤਾ ਈ ਏ ਜੇ ਬੰਦਾ ਇੱਕ ਥਾਂ ਰੁਕ ਗਿਆ ਤਾਂ ਉਹਨੂੰ ਮੱਛਰਾਂ ਨੇ ਪੈ ਜਾਣੈ। ਮੈਨੂੰ ਤਾਂ ਲਗਦੈ ਜਿਵੇਂ ਪਾਕਿਸਤਾਨ ਦੀ ਹੱਦ ਟੱਪ ਆਏ ਆਂ ਅਸੀਂ।

ਦੀਨਾ ਨਾਥ: ਸ਼ੁਕਰ ਏ ਹੱਦ ਆਈ ਏ। ਬੜਾ ਖੂਨ ਡੁਲਿਐ ਆਹ ਧਰਤੀ ਤੇ। ਖੂਨ ਦੀਆਂ ਨਦੀਆਂ ਵਹਿ ਗਈਆਂ ਨੇ। ਇੱਕ ਗੱਲ ਸਮਝ ਨਹੀਂ ਆਈ ਕਿ ਇਨਸਾਨ ਇੰਨਾ ਵਹਿਸ਼ੀ ਕਿਉਂ ਹੋ ਗਿਐ? ਮੈਨੂੰ ਤਾਂ ਐਂ ਲਗਦੈ ਕਿ ਬੰਦਿਆਂ ਨੂੰ ਭੂਤ ਚੰਬੜ ਗਏ ਨੇ।

(ਬਖਸੀ ਸੋਚਾਂ ਵਿੱਚ ਹੈ) ਬਖਸ਼ੀ, ਮੈਂ ਹੁੱਕੇ ਦੇ ਚਾਰ ਕੁ ਸੂਟੇ ਖਿੱਚ ਲਵਾਂ?

ਬਖਸ਼ੀ: ਖਿੱਚ ਲੈ ਚਾਚਾ।

ਦੀਨਾ ਨਾਥ: ਜੀਂਦਾ ਰਹਿ ਜੀਂਦਾ ਰਹਿ। ਪੂਰੇ ਡੇਢ ਸੌ ਸਾਲ ਜੀਵੇਂ ਤੂੰ। ਤੇਰੇ ਆਸਰੇ ਮੈਂ ਵੀ ਬਚ ਗਿਆ, ਨਹੀਂ ਤਾਂ ਸਾਡੇ ਵਾਲੇ ਤਾਂ ਰਾਹ ਵਿੱਚ ਵੱਟੇ ਚੱਕੇ ਜਾਣੇ ਸੀ...ਤੈਨੂੰ ਵੇਖ ਕੇ ਤਾਂ ਵੱਡੇ ਵੱਡੇ ਪੂਛ ਦੱਬ ਕੇ ਬਹਿ ਜਾਂਦੇ ਨੇ।



ਬਖਸ਼ੀ: (ਆਪਣੀ ਜਿਸਮਾਨੀ ਸ਼ਕਤੀ ਤੇ ਫਖਰ ਕਰਦਾ ਹੋਇਆ) ਚਾਚਾ, ਬੂਰੀ ਮੱਝ ਦਾ ਦੁੱਧ ਪੀਤੈ। ਰਾਹ ਵਿੱਚ ਦੋ ਧਾੜਵੀਆਂ ਦੀਆਂ ਕਿਵੇਂ ਟੱਕਰਾਂ ਲਵਾਈਆਂ ਸੀ। ਜੇ ਤੂੰ ਨਾ ਕਹਿੰਦਾ ਉਨ੍ਹਾਂ ਨੂੰ ਛੱਡਣ ਦਾ, ਮੈਂ ਉਨ੍ਹਾਂ ਦੋਵਾਂ ਦੀਆਂ ਵੜੀਆਂ ਬਣਾ ਦੇਣੀਆਂ ਸੀ।

ਦੀਨਾ ਨਾਥ: ਧਰਮ ਨਾਲ ਇੱਕ ਧਾੜਵੀ ਨੇ ਜਿਹੜੀ ਪੁੱਠੇ ਹੱਥ ਦੀ ਮੇਰੀ ਗਿੱਚੀ ਵਿੱਚ ਸੁੱਟੀ ਤਾਂ ਉਹ ਮੈਨੂੰ ਈ ਪਤੈ ਕੀ ਭਾਅ ਵਿੱਕੀ। ਗਿੱਚੀ ਤੇ ਮੋਹਰ ਈ ਲੱਗ ਗਈ।

(ਇੱਕ ਪਾਸਿਓਂ ਆਵਾਜ਼ ਆਉਂਦੀ ਹੈ: ਅੱਜ ਕੋਈ ਸ਼ਿਕਾਰ ਹੱਥ ਨਹੀਂ ਲੱਗਾ)

ਬਖਸ਼ੀ: ਚਾਚਾ, ਲੁੱਕ ਜਾ (ਦੀਨਾ, ਬਖਸ਼ੀ ਨੂੰ ਬਾਂਹ ਤੋਂ ਫੜ ਕੇ ਇੱਕ ਪਾਸੇ ਲੈ ਜਾਂਦਾ ਹੈ ਦੋ ਨੌਜਵਾਨ ਸ਼ੇਰੂ ਤੇ ਮੇਸ਼ੀ ਆਉਂਦੇ ਹਨ, ਉਨ੍ਹਾਂ ਦੇ ਹੱਥਾਂ ਵਿੱਚ ਬੱਰਛੀਆਂ ਹਨ)

ਸ਼ੇਰੂ: ਸ਼ੇਰੂ ਨੂੰ ਉਨ੍ਹਾਂ ਚਿਰ ਸਵਾਦ ਨਹੀਂ ਆਉਂਦਾ ਜਿੰਨਾ ਚਿਰ ਕੋਈ ਸ਼ਿਕਾਰ ਨਜ਼ਰ ਨਾ ਆਏ।

ਮੇਸ਼ੀ: ਰੱਬ ਦੀਆਂ ਮੇਹਰਾਂ ਨੇ, ਆਪਾਂ ਲਿਐ ਅਪਣੇ ਭਰਾਵਾਂ ਦੇ ਖੂਨ ਦਾ ਬਦਲਾ। ਇਨ੍ਹਾਂ ਮੁਸਲਿਆਂ ਨੇ ਪਾਕਿਸਤਾਨ ਵਾਲੇ ਪਾਸੇ ਪਤਾ ਨਹੀਂ ਕਿੰਨੇ ਬੰਦੇ, ਜਨਾਨੀਆਂ ਤੇ ਬੱਚੇ ਕੋਹ ਕੋਹ ਕੇ ਮਾਰੇ ਨੇ।

ਸ਼ੇਰੂ: ਜੇ ਉਨ੍ਹਾਂ ਉਧਰ ਸਾਡਾ ਇੱਕ ਬੰਦਾ ਵੱਢਿਆ ਏ ਤਾਂ ਅਸਾਂ ਵੀ ਐਧਰ ਪੂਰੀ ਮਰਦਾਂ ਆਲੀ ਕੀਤੀ ਏ। ਆਪਾਂ ਇੱਕ ਬਦਲੇ ਦਸ ਦਸ ਵੱਢ ਕੇ ਰੋਟੀ ਖਾਧੀ। ਪਰ ਅੱਜ ਕੋਈ ਸ਼ਿਕਾਰ ਨਹੀਂ ਆਇਆ ਕਾਬੂ।

ਮੇਸ਼ੀ: ਅੱਜ ਤਾਂ ਬੌਣੀ ਵੀ ਨਹੀਂ ਹੋਈ। ਰੱਬ ਦੀ ਮੇਹਰ ਨਾਲ ਬਚਿਆ ਈ ਨਹੀਂ ਸਾਡੇ ਵਾਸਤੇ। ਜਿਹੜੇ ਥੋੜ੍ਹੇ ਬਹੁਤ ਬਚੇ ਨੇ, ਉਹੋ ਈ ਪਾਕਿਸਤਾਨ ਪਹੁੰਚੇ ਨੇ।

ਸ਼ੇਰ: ਹੁਣ ਤਾਂ ਰੱਬ ਦੀਆਂ ਮੇਹਰਾਂ ਈ ਮੇਹਰਾਂ ਨੇ। ਆਪਾਂ ਬਥੇਰੀ ਲੁੱਟ ਕੀਤੀ ਏ। ਸ਼ਰੇਆਮ ਹਿੱਕ ਦੇ ਜ਼ੋਰ ਨਾਲ ਲੋਕਾਂ ਦੇ ਗਲੇ ਕੱਟੇ ਤੇ ਉਨ੍ਹਾਂ ਦੇ ਗਲੇ ਵਿੱਚੋਂ ਸੋਨੇ ਦੇ ਹਾਰ ਲਾਹੇ, ਮੁੰਦਰੀਆਂ ਲਾਹੀਆਂ।

ਸ਼ੇਰ: ਸੋਨੇ ਦੀਆਂ ਤਾਂ ਲਹਿਰਾਂ ਬਹਿਰਾਂ ਹੋ ਗਈਆਂ ਨੇ। ਘਰ ਬੈਠੇ ਪਲੰਗ ਤੇ ਵਿਹਲੇ ਬਹਿ ਕੇ ਖਾਈਏ ਤਾਂ ਵੀ ਨਹੀਂ ਮੁਕਣੀ ਅੱਗ ਲਾਉਣੀਦੌਲਤ।

(ਦੋਵੇ ਹੱਸਦੇ ਹਨ)

ਮੇਸ਼ੀ: ਜਿੱਤ ਗਏ ਅੱਜ ਅਸੀਂ ਹਿੰਦੂ ਸਿੱਖ ਭਰਾ।

ਸ਼ੇਰੀ: ਅੱਧੀ ਦੌਲਤ ਤੇਰੀ, ਅੱਧੀ ਮੇਰੀ, ਭਾਵੇਂ ਲੈ ਤੂੰ ਗੂਠਾ ਲਵਾ।
ਮੇਸ਼ੀ: ਦੇ ਜ਼ਰਾ ਮੁੱਛ ਨੂੰ ਤਾਅ।
ਸ਼ੇਰੂ: ਇਹਦਾ ਤਾਂ ਮੈਨੂੰ ਬੜਾ ਈ ਚਾਅ।
(ਦੋਵੇਂ ਉੱਚੀ ਉੱਚੀ ਹੱਸਦੇ ਹਨ ਪਰ ਮੱਕੀ ਦੇ ਖੇਤ ਵਿੱਚ ਹੋਈ ਹਿਲਜੁੱਲ ਤੋਂ ਖਬਰਦਾਰ ਹੋ ਜਾਂਦੇ ਹਨ)
ਮੇਸ਼ੀ: ਸ਼ੇਰੂ, ਮੱਕੀ ਦੇ ਟਾਂਡੇ ਹਿੱਲੇ ਨੇ।
ਸ਼ੇਰੂ: ਗੱਲ ਕਿਹੜੀ ਏ ਜੇ ਮੱਕੀ ਦੇ ਟਾਂਡੇ ਹਿੱਲ ਗਏ, ਆਪਾਂ ਤਾਂ ਵੱਡੇ ਵੱਡੇ ਹਿਲਾ ਕੇ ਰੱਖ ਦਿੱਤੇ। ਅੱਜ ਦਾ ਸ਼ਿਕਾਰ ਮੱਕੀ ਵਿੱਚੋਂ ਈ ਨਿਕਲੇਗਾ।
ਮੇਸ਼ੀ, ਮਾਰ ਲਲਕਾਰਾ।
ਮੇਸ਼ੀ: (ਉੱਚੀ ਆਵਾਜ਼ ਵਿੱਚ) ਓਏ, ਜਿਹੜਾ ਵੀ ਲੁਕੈ, ਸਿੱਧੀ ਤਰ੍ਹਾਂ ਬਾਹਰ ਨਿਕਲ ਆ। ਨਹੀਂ ਤਾਂ ਦੂਜੀ ਤਰ੍ਹਾਂ ਕੱਢ ਲਾਂਗੇ।
(ਪ੍ਰੀਤੀ ਆਉਂਦੀ ਹੈ)
ਸ਼ੇਰੂ: ਇਹ ਤਾਂ ਕੁੜੀ ਏ, ਜਵਾਨ ਕੁੜੀ।
ਮੇਸ਼ੀ: ਮੁਸਲੀ ਹੋਵੇਗੀ ਤਾਂ ਹੀ ਲੁਕਦੀ ਫਿਰਦੀ ਏ। ਮੇਹਰਾਂ ਨੇ ਰੱਬ ਦੀਆਂ.....
ਸ਼ੇਰੂ: ਹੂੰ (ਸੁਆਦੋ ਸੁਆਦ ਹੁੰਦਾ) ਹੁਣ ਜ਼ਰਾ ਦੂਜਾ ਵੀ ਸ਼ੌਂਕ ਪੂਰਾ ਕਰ ਲਈਏ। ਕੁੜੀ ਗੁਲਾਬ ਦਾ ਫੁੱਲ ਲਗਦੀ ਏ।
ਮੇਸ਼ੀ: ਉਹ ਫੁੱਲ ਗੁਲਾਬ ਦਾ ਏ ਤਾਂ ਆਪਾਂ ਭੌਰੇ।
ਸ਼ੇਰੂ: ਰਸ ਚੂਸਾਂਗੇ (ਦੋਵੇਂ ਹੱਸਦੇ ਹਨ)
ਮੇਸ਼ੀ: ਕੁੜੀ ਕਿੰਨੀ ਭਰ ਜਵਾਨ।
ਪ੍ਰੀਤੀ: ਸੜ ਜਾਏ ਤੇਰੀ ਗੰਦੀ ਜ਼ਬਾਨ।
ਸ਼ੇਰੂ: ਬਕਵਾਸ ਬੰਦ ਕਰ, ਤੇਰੀ ਮਾਂ....
ਪ੍ਰੀਤੀ: ਮੇਰੀ ਮਾਂ, ਤੇਰੀ ਮਾਂ....ਉਹਨਾਂ ਸਾਰਿਆਂ ਨੂੰ ਕਤਲ ਕਰ ਦਿੱਤੇ।
ਸ਼ੇਰੂ: ਕਿਹਨਾਂ?
ਪ੍ਰੀਤੀ: ਵਹਿਸ਼ੀਆਂ ਨੇ।
ਸ਼ੇਰੂ: ਮੁਸਲਿਆਂ ਨੇ?
ਪ੍ਰੀਤੀ: ਕੀ ਫਰਕੇ ਏ ਤੁਹਾਡੇ ਤੇ ਉਨ੍ਹਾਂ ਵਿੱਚ? ਤੁਹਾਡੀਆਂ ਅੱਖਾਂ ਵਿੱਚ ਉਹੀ ਅੱਗ ਏ, ਉਹੀ ਵਹਿਸ਼ੀਪੁਣਾ....
ਮੇਸ਼ੀ: ਸ਼ੇਰੂ, ਇਹ ਕੁੜੀ ਹੈ ਈ ਮੁਸਲੀ। ਕਿਤੇ ਸਾਨੂੰ ਬੁੱਧੂ ਨਾ ਬਣਾ ਜਾਏ।
ਸ਼ੇਰੂ: ਕੋਈ ਵੀ ਹੋਵੇ, ਤੂੰ ਕਰ ਲੈ ਰਾਂਝਾ ਰਾਜੀ।
ਪ੍ਰੀਤੀ: ਖਬਰਦਾਰ, ਮੈਨੂੰ ਛੇੜਿਆ ਤਾਂ ਮੈਂ ਤੁਹਾਨੂੰ ਛੱਡਾਂਗੀ ਨਹੀਂ।
ਸ਼ੇਰੂ: ਨਾ ਛੱਡ, ਕੌਣ ਕਹਿੰਦੈ ਸਾਨੂੰ ਛੱਡ।
(ਲੜਕੀ ਦੀ ਬਾਂਹ ਫੜ੍ਹਦਾ ਹੈ, ਲੁੱਕੇ ਹੋਏ ਬਖਸ਼ੀ ਅਤੇ ਦੀਨਾ ਆਉਂਦੇ ਹਨ)



ਬਖਸ਼ੀ: ਓਏ ਪਤੰਦਰਾ, ਖਬਰਦਾਰ ਜੇ ਕੁੜੀ ਨੂੰ ਹੱਥ ਪਾਇਆ ਤਾਂ।
ਪ੍ਰੀਤੀ: ਵੀਰ ਬਖਸ਼ੀ ਤੂੰ?
ਬਖਸ਼ੀ: ਹਾਂ ਤੇਰਾ ਵੀਰ। (ਸ਼ੇਰੂ ਨੂੰ) ਇਹ ਕੁੜੀ ਸਾਡੀ ਸਭ ਦੀ ਭੈਣ ਏ।
ਸ਼ੇਰੂ: ਭੈਣ ਹੋਏਗੀ ਤੇਰੀ, ਸਾਨੂੰ ਤਾਂ ਇਹਨੇ ਫੱਟੜ ਕਰ ਦਿੱਤੈ ਪਹਿਲੀ ਨਜ਼ਰੇ।
ਬਖਸ਼ੀ: ਮੂੰਹ ਸੰਭਾਲ ਕੇ ਗੱਲ ਕਰ, ਨਹੀਂ ਤਾਂ ਛੱਤੀ ਦੇ ਛੱਤੀ ਦੰਦ ਬਾਹਰ ਕੱਢ ਦੇਵਾਂਗਾ।
ਸ਼ੇਰੂ: ਸ਼ੇਰ ਦੀ ਮੁੱਛ ਨੂੰ ਹੱਥ ਪਾ ਰਿਹੈਂ, ਸੋਚ ਲੈ।
ਬਖਸ਼ੀ: ਸੋਚ ਲਿਐ, ਤੈਨੂੰ ਅੱਜ ਤੱਕ ਕੋਈ ਟੱਕਰਿਆ ਈ ਨਹੀਂ।
ਸ਼ੇਰੂ: ਤੂੰ ਅੱਗੇ ਆ ਜੇ ਮਾਂ ਦਾ ਦੁੱਧ ਪੀਤੈ।
ਦੀਨਾ ਨਾਥ: ਬਖਸ਼ੀ ਨੇ ਬੂਰੀਆਂ ਮੱਝਾਂ ਦਾ ਦੁੱਧ ਪੀਤੈ, ਬਾਲਟੀ ਬਾਲਟੀ ਦੁੱਧ।
ਸ਼ੇਰੂ: (ਦੀਨੇ ਨੂੰ) ਤੈਨੂੰ ਵੀ ਕਰਦਾਂ ਸੂਤ।
ਦੀਨਾ: ਮੈਨੂੰ ਮਰੇ ਨੂੰ ਮਾਰਦੇ ਤੈਨੂੰ ਸ਼ਰਮ ਨਾ ਆਏਗੀ?
ਮੇਸ਼ੀ: ਪਰ ਤੂੰ ਹੈਂ ਕੌਣ?
ਦੀਨਾ: ਤੇਰਾ ਚਾਚਾ। ਚਾਚਾ ਦੀਨਾ ਨਾਥ।
ਸ਼ੇਰੂ: (ਹੈਰਾਨ ਹੋ ਕੇ) ਚਾਚਾ?
ਦੀਨਾ: ਸਾਰੇ ਲੋਕ ਮੈਨੂੰ ਚਾਚਾ ਕਹਿੰਦੇ ਨੇ। ਕਮਲਿਓ! ਅਸੀਂ ਸਭ ਭਰਾ ਭਰਾ ਆਂ। ਇਹ ਕੁੜੀ ਮੇਰੀ ਧੀ ਏ ਤੇ ਤੁਹਾਡੀ ਭੈਣ ਏ। ਮਸਾਂ ਮਸਾਂ ਉਧਰੋਂ ਬਚਾਅ ਕਰਦੇ ਕਰਦੇ ਐਧਰ ਪਹੁੰਚੇ ਆਂ ਤੇ ਅੱਗੋਂ ਤੁਸੀਂ ਬਰਛੀਆਂ ਸੂਤ ਕੇ ਖੜ੍ਹੇ ਹੋ ਸਾਡੀ ਆਓ ਭਗਤ ਕਰਨ ਵਾਸਤੇ।
ਸ਼ੇਰੂ: (ਸ਼ਰਮਿੰਦਗੀ ਮਹਿਸੂਸ ਕਰਦਾ ਹੋਇਆ) ਉਹੋ....ਕੰਮ ਈ ਸਾਰਾ ਚੌੜ ਹੋ ਚੱਲਿੱਆ ਸੀ। ਅਸੀਂ ਤੁਹਾਨੂੰ ਮੁਸਲੇ ਈ ਸਮਝ ਲਿਆ।
ਬਖਸ਼ਈ: ਪਰ ਸਾਰੇ ਮੁਸਲਮਾਨ ਇੱਕੋ ਵਰਗੇ ਨਹੀਂ। ਕਈਆਂ ਨੇ ਸਾਡੇ ਭਰਾਵਾਂ ਦੀ ਜਾਨ ਵੀ ਬਚਾਈ ਤੇ..ਕਈਆਂ ਨੇ ਅਫਵਾਹਾਂ ਦੇ ਚੱਕਰ ਵਿੱਚ ਖੂਨ ਵਿੱਚ ਹੱਥ ਵੀ ਰੰਗੇ। ਸਾਨੂੰ ਤਾਂ ਜ਼ਿਆਦਾਂ ਅਫਵਾਹਾਂ ਮਾਰ ਗਈਆਂ।
ਦੀਨਾ ਨਾਥ: ਆਹ ਗੱਲ ਸੱਚ ਏ। ਜੇ ਕੋਈ ਮੇਰੀ ਹੁੱਕੇ ਨੂੰ ਕਹਿ ਦੇਵੇ ਕਿ ਦੀਨਾ ਨਾਥ ਨੇ ਤੋਪ ਚੁੱਕੀ ਏ ਤਾਂ ਇਹ ਭਲਾ ਤੋਪ ਬਣ ਜਾਵੇਗਾ?
ਬਖਸ਼ੀ: ਭਰਾਵੋ! ਕਾਹਦੀ ਆਜ਼ਾਦੀ ਮਿਲੀ। ਭਰਾ ਮਾਰੂ ਜੰਗ ਵਿੱਚ ਹਜ਼ਾਰਾਂ ਬੇਕਸੂਰ ਸਾਡੇ ਆਪਣੇ ਭਰਾ, ਭੈਣਾਂ, ਬੱਚੇ, ਮਾਵਾਂ, ਬਜ਼ੁਰਗ ਖਤਮ ਹੋ ਗਏ। ਕੀ ਖੱਟ ਲਿਆ ਅਸਾਂ? ਅਪਣੇ

ਪਿਆਰੇ ਵਿਛੜ ਗਏ (ਰੌਂ ਪੈਂਦਾ ਹੈ ਅਤੇ ਹਨ੍ਹੇਰਾ ਪੈ ਜਾਂਦਾ ਹੈ)

**ਆਖਰੀ ਦ੍ਰਿਸ਼**

ਸਥਾਨ: ਪਹਿਲੇ ਦ੍ਰਿਸ਼ ਵਾਲਾ।

ਬਖਸ਼ੀ: ਆਹ ਸੀ ਸੰਨ ਸੰਤਾਲੀ ਦੀ ਕਹਾਣੀ।

ਰੋਬਿਨ: ਬੱਸ ਬਾਬਾ! ਹੋਰ ਨਾ ਸੁਣਾ, ਚਿੱਤ ਖਰਾਬ ਹੋ ਗਿਐ। ਮੂਡ ਪੂਰੀ ਤਰ੍ਹਾਂ ਆਫ ਹੋ ਗਿਐ।

ਬਖਸ਼ੀ: ਤੁਸੀਂ ਮਨਾਓ ਜਾ ਕੇ ਆਜ਼ਾਦੀ ਦਿਵਸ।

ਵਿੱਕੀ: ਨਾ ਬਾਬਾ ਨਾ, ਸਾਥੋਂ ਨਹੀਂ ਮਨਾਇਆ ਜਾਣੈਂ ਆਜ਼ਾਦੀ ਦਿਵਸ।

ਬਖਸ਼ੀ: ਚੰਗਾ ਪੁੱਤਰੋ, ਮੈਂ ਚੱਲਿਆਂ ਪਾਕਿਸਤਾਨ। ਮੈਂ ਉੱਥੇ ਜਾ ਕੇ ਅਪਣੀ ਮਿੱਟੀ ਨੂੰ ਮੱਥੇ ਤੇ ਲਾਵਾਂਗਾ...ਮੈਂ ਜਾਵਾਂਗਾ ਜਿੱਥੇ ਮੇਰੀ ਡੋਲੀ ਦਾਣੇ ਭੁੰਨਦੀ ਹੁੰਦੀ ਸੀ...ਸ਼ੈਦ ਮੇਰੀ ਡੋਲੀ ਮੇਰੀ ਉਡੀਕ ਕਰਦੀ ਹੋਵੇ (ਉੱਚੀ ਆਵਾਜ਼ ਵਿੱਚ) ਡੋਲੀ!.....ਡੋਲੀ!!!

(ਹਨ੍ਹੇਰਾ ਹੁੰਦਾ ਹੈ ਅਤੇ ਗੀਤ ਦੇ ਬੋਲ ਸੁਣਾਈ ਦਿੰਦੇ ਹਨ)

ਵੇਖਦੇ ਵੇਖਦੇ ਪੈ ਗਈ, ਭਾਈਆਂ ਵਿੱਚ ਲਕੀਰ।
ਕਲ੍ਹ ਤੱਕ ਜੋ ਸੀ ਆਪਣੇ, ਦੁਸ਼ਮਣ ਬਣ ਗਏ ਵੀਰ।
ਉੱਜੜ ਗਈਆਂ ਬਹਾਰਾਂ, ਹੋਈਆਂ ਸੱਧਾਂ ਲੀਰੋ ਲੀਰ।
ਖੂਨ ਨਾਲ ਧਰਤੀ ਰੰਗੀ, ਚੱਲੇ ਕਮਾਨੋਂ ਤੀਰ।